# DHAATAN NAL SABANDHAT LOK VISHVAS

# ਧਾਤਾਂ ਨਾਲ ਸਬੰਧਤ ਲੋਕ ਵਿਸ਼ਵਾਸ਼

ਡਾ. ਜਤਿੰਦਰ ਕੌਰ (Dr. Jatinder Kaur)

**ਅਸਿਸਟੈਂਟ ਪ੍ਰੋਫੈਸਰ, ਪੰਜਾਬੀ ਵਿਭਾਗ,**

ਗੁਰੂ ਅਰਜਨ ਦੇਵ ਖਾਲਸਾ ਕਾਲਜ, ਚੋਹਲਾ ਸਾਹਿਬ, ਤਰਨਤਾਰਨ (ਪੰਜਾਬ)

Email ID: jatinderkaurdhillon54@gmail.com ਮੋਬਾਈਲ: +91-98154-58100

**ਸਾਰ (Abstract)**

*ਪੰਜਾਬੀ ਸਮਾਜ ਵਿੱਚ ਧਾਤਾਂ ਸਾਡੇ ਰੋਜ਼ਾਨਾ ਦੀ ਜ਼ਿੰਦਗੀ ਵਿੱਚ ਵਰਤੋਂ ਵਿੱਚ ਆਉਂਦੀਆਂ ਹਨ। ਇਹ ਧਾਤਾਂ ਸਾਡੇ ਨਿਤ ਦੇ ਕਾਰ ਵਿਹਾਰ ਦਾ ਹਿੱਸਾ ਬਣਦੀਆਂ ਹਨ ਤੇ ਸਾਡੀਆਂ ਬਹੁਤ ਸਾਰੀਆਂ ਸਮਾਜਿਕ, ਆਰਥਿਕ ਅਤੇ ਪਦਾਰਥਕ ਲੋੜਾਂ ਦੀ ਪੂਰਤੀ ਵੀ ਕਰਦੀਆਂ ਹਨ। ਪੁਰਾਣੇ ਵਿਦਵਾਨਾਂ ਨੇ ਪੰਜਾਬੀ ਸਮਾਜ ਦੇ ਵਿੱਚ ਲਗਭਗ ਪ੍ਰਚਲਤ ਅਸ਼ਟ ਧਾਤੂ ਦਾ ਵਰਣਨ ਕੀਤਾ ਹੈ। ਇਹ ਅਸ਼ਟ ਧਾਤਾਂ ਬੇਸ਼ਕ ਸਾਡੀਆਂ ਸਮਾਜਿਕ ਅਤੇ ਪਦਾਰਥਕ ਲੋੜਾਂ ਦੀ ਪੂਰਤੀ ਲਈ ਹੋਂਦ ਵਿੱਚ ਆਈਆਂ ਸਨ ਪਰ ਮਨੁੱਖ ਦੀ ਮਾਨਸਿਕਤਾ ਵਿਚ ਕੁਦਰਤੀ ਤੇ ਤਾਕਤਵਾਰ ਧਾਤੂ ਨਾਲ ਸਬੰਧਤ ਬਹੁਤ ਸਾਰੇ ਵਿਚਾਰ ਸਮੇਂ ਸਮੇਂ ਤੇ ਹੋਂਦ ਵਿਚ ਆਉਂਦੇ ਰਹੇ ਹਨ। ਜਿਨਾ ਸਦਕੇ ਪੰਜਾਬੀ ਸੱਭਿਆਚਾਰ ਤੇ ਪੰਜਾਬੀ ਸਮਾਜ ਦੇ ਵਿੱਚ ਬਹੁਤ ਸਾਰੇ ਲੋਕ ਵਿਸ਼ਵਾਸ ਪ੍ਰਚਲਤ ਹੋ ਗਏ, ਜਿਨਾਂ ਦਾ ਵਰਣਨ ਇਸ ਖੋਜ ਪੱਤਰ ਵਿੱਚ ਪੇਸ਼ ਕਰਨ ਦਾ ਯਤਨ ਕੀਤਾ ਗਿਆ ਹੈ। ਇਸ ਖੋਜ ਪੱਤਰ ਦੇ ਵਿੱਚ ਮੁੱਖ ਧਾਤਾਂ ਜਿਵੇ ਸੋਨਾ, ਚਾਂਦੀ, ਤਾਂਬੇ ਅਤੇ ਲੋਹੇ ਦੀ ਧਾਤ ਨਾਲ ਸੰਬੰਧਿਤ ਲੋਕ ਵਿਸ਼ਵਾਸਾਂ ਦਾ ਜ਼ਿਕਰ ਕੀਤਾ ਗਿਆ ਹੈ ਤੇ ਉਹਨਾਂ ਦੇ ਪਿੱਛੇ ਕੰਮ ਕਰਦੀ ਲੋਕ ਮਾਨਸਿਕਤਾ ਨੂੰ ਸਪੱਸ਼ਟ ਕਰਨ ਦੀ ਕੋਸ਼ਿਸ਼ ਕੀਤੀ ਗਈ ਹੈ। ਪੰਜਾਬੀ ਜਨ ਜੀਵਨ ਜਾਂ ਸੱਭਿਆਚਾਰ ਵਿੱਚ ਜਿਹੜੀਆਂ ਧਾਤਾਂ ਪ੍ਰਚਲਤ ਹਨ ਉਹ ਗਹਿਣਿਆਂ ਜਾਂ ਭਾਂਡਿਆਂ ਦੇ ਰੂਪ ਵਿੱਚ ਮਿਲਦੀਆਂ ਹਨ ਇਹ ਧਾਤਾ ਰੋਜ਼ਾਨਾ ਜੀਵਨ ਦੀਆਂ ਲੋੜਾਂ ਦੀ ਪੂਰਤੀ ਦੇ ਨਾਲ ਨਾਲ ਅਨੇਕਾਂ ਲੋਕ ਵਿਸ਼ਵਾਸਾਂ ਦੀਆਂ ਧਾਰਨੀ ਬਣ ਚੁੱਕੀਆਂ ਹਨ ਬੇਸ਼ੱਕ ਇਹਨਾਂ ਅਸ਼ਟ ਧਾਤਾਂ ਵਿੱਚ ਸਾਰੀਆਂ ਧਾਤਾਂ ਨਾਲ ਵਿਸ਼ਵਾਸ ਪ੍ਰਚਲਿਤ ਨਹੀਂ ਮਿਲਦੇ ਪਰੰਤੂ ਉਹ ਖਾਸ ਧਾਤਾ ਜੋ ਜਿਆਦਾ ਵਰਤੋਂ ਵਿੱਚ ਆਉਂਦੀਆਂ ਹਨ ਉਹਨਾਂ ਨਾਲ ਸੰਬੰਧਿਤ ਪ੍ਰਚੱਲਤ ਲੋਕ ਵਿਸ਼ਵਾਸਾਂ ਦਾ ਵਰਗੀਕਰਨ ਕੀਤਾ ਜਾ ਸਕਦਾ ਹੈ ਜਿਸ ਦਾ ਵਰਣਨ ਇਸ ਖੋਜ ਪੱਤਰ ਵਿੱਚ ਕਰਨ ਦੀ ਕੋਸ਼ਿਸ਼ ਕੀਤੀ ਗਈ ਹੈ। ਲੋਕ ਚਿਕਿਤਸਿਕ ਅਤੇ ਵੈਦਿਕ ਮੱਤ ਵੀ ਧਾਤਾਂ ਨਾਲ ਸੰਬੰਧਿਤ ਲੋਕ ਵਿਸ਼ਵਾਸਾਂ ਪਿੱਛੇ ਅਹਿਮ ਰੋਲ ਅਦਾ ਕਰਦੇ ਹਨ। ਜਿਨਾਂ ਦਾ ਵਰਣਨ ਇਸ ਖੋਜ ਪੱਤਰ ਵਿੱਚ ਉਪਲਬਧ ਹੈ।*

***ਕੀਵਰਡ (Keyword): ਲੋਕ ਚਿਕਿਤਸਾ, ਲੋਕ ਮਾਨਸਿਕਤਾ, ਸੂਤਕ, ਹਸਲੀ, ਬਦਰੂਹਾ, ਲੋਕ ਧਰਮ, ਦੁਰਲੱਭ, ਲੋਕ ਸੰਸਕ੍ਰਿਤੀ, ਪ੍ਰਤੀਫਲ, ਰੀਤ।***

ਵਿਸ਼ਵਾਸ ਲੋਕ ਸਭਿਆਚਾਰ ਜਾਂ ਲੋਕ ਸੰਸਕ੍ਰਿਤੀ ਦਾ ਇਕ ਅਹਿਮ ਅੰਗ ਹੁੰਦੇ ਹਨ। ਪ੍ਰਾਚੀਨਤਮ ਵਿਚਾਰਾਂ ਅਨੁਸਾਰ ਕਿਸੇ ਦੇਵੀ ਦੇਵਤੇ ਤੋਂ ਮੁਕਤੀ ਗ੍ਰਹਿਣ ਕਰਨ ਹਿੱਤ ਕੀਤੀ ਅਰਾਧਨਾ ਰੀਤ ਹੁੰਦੀ ਹੈ ਅਤੇ ਇਸ ਦਾ ਪ੍ਰਤੀਫਲ ਲੋਕ ਵਿਸ਼ਵਾਸ ਹੁੰਦੇ ਹਨ। ਲੋਕ ਵਿਸ਼ਵਾਸ ਪ੍ਰਕਿਰਤੀ ਦੀ ਅਲਪ ਸੂਝ ਦੀ ਅਲਾਮਤ ਹੁੰਦੀ ਹੈ। ਲੋਕ ਵਿਸ਼ਵਾਸ ਪੰਜਾਬੀ ਜਨ ਜੀਵਨ ਦੇ ਉਹ ਕਿਰਿਆਤਮਕ ਪਹਿਲੂ ਹਨ ਜੋ ਮਨੁੱਖੀ ਜੀਵਨ ਦੇ ਹਰ ਪੱਖ ਜਿਵੇਂ ਜਨਮ-ਮਰਨ ਅਤੇ ਦੂਸਰੇ ਸੰਸਕਾਰਾਂ ਨਾਲ ਅੰਤਰ ਸਬੰਧਤ ਹੁੰਦੇ ਹਨ। ਕਿਉਂ ਜੋ ਵਿਸ਼ਵਾਸ ਮਨੁੱਖ ਦੀ ਸੁਭਾਵਿਕ ਬਿਰਤੀ ਤੇ ਕੁਦਰਤੀ ਅਲਾਮਤ ਹੈ, ਇਸ ਲਈ ਜ਼ਿੰਦਗੀ ਦਾ ਕੋਈ ਪਹਿਲੂ ਇਹਨਾਂ ਵਿਸ਼ਵਾਸਾਂ ਤੋਂ ਸੱਖਣਾ ਨਹੀਂ। ਮਨੁੱਖ ਦਾ ਸਾਰਾ ਸਮਾਜਕ, ਧਾਰਮਿਕ, ਸਾਂਸਕ੍ਰਿਤਕ ਅਤੇ ਸਭਿਆਚਾਰਕ ਵਿਕਾਸ ਸਮਾਜ ਵਿਚ ਪ੍ਰਚੱਲਤ ਵੱਖ ਵੱਖ ਵਿਸ਼ਵਾਸਾਂ ਨਾਲ ਜੁੜਿਆ ਹੋਇਆ ਹੈ। ਵਿਸ਼ਵਾਸ ਕਿਸੇ ਵੀ ਉਕਤੀ ਦੇ ਸੱਚ ਵਾਂਗ ਸਵੀਕਾਰ ਕੀਤੇ ਜਾਂਦੇ ਹਨ। ਡਾ. ਗੁਰਮੀਤ ਸਿੰਘ ਅਨੁਸਾਰ:

> *"ਮਨੁੱਖ ਪ੍ਰਕਿਰਤੀ ਵਿਚ ਵਾਪਰਦੀਆਂ ਘਟਨਾਵਾਂ ਤੋਂ ਆਪਣੀ ਪ੍ਰਤੱਖਣ ਸ਼ਕਤੀ ਰਾਹੀਂ ਜੋ ਪ੍ਰਭਾਵ ਗ੍ਰਹਿਣ ਕਰਦਾ ਸੀ ਉਹ ਹੀ ਲੋਕ ਵਿਸ਼ਵਾਸਾਂ ਦਾ ਅਧਾਰ ਬਣਦੇ ਸਨ। "[1]*

ਮਨੁੱਖ ਦੇ ਸਮਾਜਕ ਵਿਕਾਸ ਵਿਚ ਜਿਉਂ ਜਿਉਂ ਵਾਧਾ ਹੁੰਦਾ ਗਿਆ, ਤਿਉਂ

ਤਿਉਂ ਹੀ ਵਿਸ਼ਵਾਸਾਂ ਦਾ ਦਾਇਰਾ ਵੀ ਵਿਸ਼ਾਲ ਹੁੰਦਾ ਹੋਇਆ ਸਮਾਜ ਵਿਚ ਪੱਸਰਦਾ ਗਿਆ। ਮਨੁੱਖ ਦੇ ਵਿਸ਼ਵਾਸ ਮਨੁੱਖ ਦੀ ਸੋਚਣੀ ਤੇ ਹਾਵੀ ਹੁੰਦੇ ਗਏ। ਇਹੀ ਕਾਰਨ ਹੈ ਕਿ ਅੱਜ ਸਮਾਜ ਵਿਚ ਵਿਚਰਦੈ ਹਰ ਪਹਿਲੂ ਨਾਲ ਵਿਸ਼ਵਾਸ ਜੁੜੇ ਪਏ ਹਨ। ਮਨੁੱਖ ਆਪਣੇ ਤੋਂ ਪਹਿਲਾਂ ਪ੍ਰਾਪਤ ਅਨੁਭਵਾਂ ਅਤੇ ਉਨ੍ਹਾਂ ਤੇ ਉਸਰੇ ਵਿਸ਼ਵਾਸਾਂ ਦੀ ਮੱਦਦ ਨਾਲ ਨਵੇਂ ਵਿਸ਼ਵਾਸਾਂ ਦੀ ਸਿਰਜਣਾ ਕਰਦਾ ਰਿਹਾ ਹੈ। ਜਾਦੂ, ਟੂਣੇ ਅਤੇ ਲੋਕ ਧਰਮ ਨੇ ਜਿਸ ਤਰ੍ਹਾਂ ਪ੍ਰਕਿਰਤਕ ਵਰਤਾਰਿਆਂ ਨੂੰ ਸਮਝਣ ਦੀ ਕੋਸ਼ਿਸ਼ ਕੀਤੀ ਉਸੇ ਤਰ੍ਹਾਂ ਲੋਕ ਵਿਸ਼ਵਾਸ ਵਧਦੇ ਗਏ। ਭਾਵੇਂ ਅੱਜ ਦੀ ਤਕਨੀਕੀ ਯੁੱਗ ਵਿੱਚ ਲੋਕ ਆਧੁਨਿਕ ਤੇ ਤਰਕ ਅਧਾਰਤ ਸੋਚ ਦੇ ਧਾਰਨੀ ਬਣ ਗਏ ਹਨ ਪਰ ਅੱਜ ਵੀ ਵਹਿਮ ਭਰਮ ਅਤੇ ਇਨ੍ਹਾਂ ਤੋਂ ਉਪਜੇ ਲੋਕ ਵਿਸ਼ਵਾਸ ਅੱਜ ਵੀ ਲੋਕ ਜੀਵਨ ਦਾ ਜੀਵਨ ਅੰਗ ਬਣੇ ਹੋਏ ਹਨ।

*"ਪੰਜਾਬੀ ਸਭਿਆਚਾਰ ਦੇ ਜੀਵਨ ਦਰਸ਼ਨ, ਮਾਨਵ ਦੇ ਮਾਨਵ ਪ੍ਰਕ੍ਰਿਤੀ ਅਤੇ ਅਦ੍ਰਿਸ਼ਟ ਜਗਤ ਦੇ ਅੰਤਰ ਸਬੰਧਾਂ ਦੀ ਰੂਪ ਰੇਖਾ ਦੇਖਣੀ ਹੈ ਤਾਂ ਉਹ ਵੀ ਪ੍ਰਚਲਤ ਲੋਕ ਵਿਸ਼ਵਾਸਾਂ ਦੇ ਅਧਿਐਨ ਰਾਹੀਂ ਹੀ ਉਲੀਕੀ ਜਾ ਸਕਦੀ ਹੈ।"*[2]

ਪੰਜਾਬੀ ਸੰਸਕ੍ਰਿਤੀ ਲੋਕ ਧਰਮ ਅਤੇ ਲੋਕ ਚਿਕਿਤਸਾ ਦੇ ਆਧਾਰਾਂ ਉਪਰ ਟਿਕੀ ਹੋਈ ਹੈ ਜਿਸ ਵਿਚ ਵਿਗਿਆਨਕ ਤਰਕ ਦੀ ਥਾਂ ਲੋਕ ਵਿਸ਼ਵਾਸ ਵਧੇਰੇ ਪ੍ਰਚਲਤ ਹਨ। ਜੀਵਨ ਦੀਆਂ ਨਿੱਤ ਵਰਤੋਂ ਦੀਆਂ ਜ਼ਰੂਰਤਾਂ ਦੇ ਸਬੰਧ ਵਿਚ ਹਰ ਪਹਿਲੂ ਵਿਚ ਲੋਕ ਵਿਸ਼ਵਾਸ ਪ੍ਰਚੱਲਤ ਰਹੇ ਹਨ। ਇਸੇ ਧਾਰਨਾ ਅਧੀਨ ਧਾਤਾਂ ਨਾਲ ਸਬੰਧਿਤ ਅਨੇਕਾਂ ਹੀ ਭਰਮ ਤੇ ਲੋਕ ਵਿਸ਼ਵਾਸ ਪ੍ਰਚੱਲਤ ਹਨ। ਧਾਤਾਂ ਦੇ ਹੋਂਦ ਵਿਚ ਆਉਣ ਤੋਂ ਪਹਿਲਾਂ ਘੋਗੇ, ਸਿੱਪੀਆਂ, ਮਣਕਿਆਂ ਅਤੇ ਕੌਡੀਆਂ ਹੀ ਮਨੁੱਖ ਲਈ ਕੀਮਤੀ ਤੇ ਪਵਿਤਰ ਸਨ। ਹੌਲੀ ਹੌਲੀ ਇਹਨਾਂ ਦੀ ਜਗ੍ਹਾ ਅਲੱਗ ਅਲੋਗ ਧਾਤਾਂ ਨੇ ਲੈ ਲਈ :

*"ਹੜੱਪਾ ਸੰਸਕ੍ਰਿਤੀ ਵਿਚ ਜਾਦੂ ਟੂਣੇ, ਜੰਤਰ ਮੰਤਰ ਅਤੇ ਗੰਢ-ਤਵੀਤ, ਸਿੱਪ ਦੇ ਤਵੀਤਾਂ ਉਪਰ ਧਾਗਿਆਂ ਦੀਆਂ ਗੰਢ ਚਿਤਰ ਕੇ ਅਲਗ ਅਲਗ ਧਾਤਾਂ ਵਿਚ ਪਰੋਏ ਮਿਲਦੇ ਹਨ। ਅਨੁਮਾਨ ਹੈ ਕਿ ਇਹ ਦੀਰਘ ਆਯੂ ਤੇ ਬਿਮਾਰੀਆਂ ਤੋਂ ਬਚਾਉ ਲਈ ਪਹਿਨੇ ਜਾਂਦੇ ਹੋਣਗੇ। "*[3]

ਆਦਿ ਕਾਲ ਤੋਂ ਹੀ ਧਾਤਾਂ ਦੇ ਹੋਂਦ ਸਥਾਪਤੀ ਦੇ ਨਾਲ ਹੀ ਵਿਸ਼ਵਾਸ ਵੀ ਪ੍ਰਚੱਲਤ ਹੋ ਗਏ ਸਨ। ਪੰਜਾਬੀ ਸਭਿਅਤਾ ਦੇ ਪਹਿਲੇ ਪੜਾਅ ਤੇ ਦੁਰਲਭ ਧਾਤਾਂ ਪੱਕੀ ਮਿੱਟੀ, ਕੀਮਤੀ ਪੱਥਰ ਹੀ ਸ਼ਾਮਿਲ ਸਨ। ਕੁਝ ਧਾਤਾਂ ਵਧੇਰੇ ਦੁਰਲਭ ਹੋਣ ਸਦਕਾ ਬਹੁਤ ਸਾਰੇ ਮੁੱਖ ਵਹਿਮ ਭਰਮ ਅਤੇ ਰਸਮ ਰਿਵਾਜ ਧਾਤਾਂ ਧਾਰਨ ਕਰਨ ਤੇ ਵਰਤਣ ਦੀ ਰੁਚੀ ਨਾਲ ਸਬੰਧਤ ਹੋ ਗਏ। ਮੁਢ ਕਦੀਮ ਤੋਂ ਹੀ ਧਾਤਾਂ ਸਿਰਫ ਸਿੰਗਾਰ ਦਾ ਸਾਧਨ ਹੀ ਨਹੀਂ ਸਨ, ਸਗੋਂ ਪਰੰਪਰਕ ਰੁਹ ਰੀਤਾਂ ਨਾਲ ਜੁੜੀਆਂ ਬਿਮਾਰੀਆਂ ਅਤੇ ਦੁਰਆਤਮਾਵਾਂ ਤੋਂ ਰੱਖਿਆ ਦੇ ਚਿੰਨ੍ਹ ਰਹੀਆ ਹਨ।

ਧਾਤਾਂ ਬਾਰੇ ਇਕ ਪੁਰਾਣਿਕ ਕਥਾ ਵੀ ਪ੍ਰਚਲਤ ਹੈ ਕਿ ਕਹਿੰਦੇ ਹਨ ਕਿ ਬ੍ਰਹਮਾ ਨੇ ਪ੍ਰਾਣੀ ਸਿਰਜਣ ਮਗਰੋਂ ਧਰਤੀ ਵਿਚ ਪੈਰ ਫੇਰਿਆ ਤਾਂ ਮਿੱਟੀ ਲੋਹਾ ਬਣ ਗਈ, ਖੱਬਾ ਹੱਥ ਫੇਰਿਆ ਤਾਂ ਮਿੱਟੀ ਤਾਂਬਾ ਬਣ ਗਈ, ਸੱਜਾ ਹੱਥ ਫੇਰਿਆ ਤਾਂ ਮਿੱਟੀ ਚਾਂਦੀ ਬਣ ਗਈ ਜਿਹੜੀ ਮਿੱਟੀ ਬ੍ਰਹਮਾ ਨੇ ਆਪਣੇ ਮਸਤਕ ਨੂੰ ਛੋਹਾਈ ਉਹ ਸੋਨਾ ਬਣ ਗਈ ਅਜਿਹੀਆਂ ਧਾਰਮਿਕ ਪੁਰਾਣਿਕ ਕਥਾਵਾਂ ਨਾਲ ਧਾਤਾਂ ਦਾ ਸਬੰਧ ਹੋਣ ਕਾਰਨ ਹੀ ਇਹਨਾਂ ਨਾਲ ਅਨੇਕ ਲੋਕ ਵਿਸ਼ਵਾਸ ਜੁੜ ਗਏ। ਲੋਕ ਵਿਸ਼ਵਾਸ ਹੈ ਕਿ ਧਾਤਾਂ ਦੇ ਸੰਪਰਕ ਨਾਲ ਮਨੁੱਖੀ ਸਰੀਰ ਅਰੋਗ ਰਹਿੰਦਾ ਹੈ ਕਿਉਂਕਿ ਧਾਤਾਂ ਉਸ ਮਿੱਟੀ ਤੋਂ ਬਣੀਆਂ ਹਨ ਜਿਨਾਂ ਨੂੰ ਬ੍ਰਹਮਾ ਦੀ ਛਹੁ ਪ੍ਰਾਪਤ ਹੈ।

*"ਪੁਰਾਣੇ ਵਿਦਵਾਨਾਂ ਨੇ ਅਸ਼ਟ ਧਾਤੂ ਦਾ ਵਰਣਨ ਕੀਤਾ ਹੈ ਜਿਸ ਵਿੱਚ ਸੋਨਾ, ਚਾਂਦੀ, ਤਾਂਬਾ, ਜਿਸਤ, ਪਾਰਾ, ਕਲੀ, ਲੋਹਾ ਤੇ ਸਿੱਕਾ ਸ਼ਾਮਿਲ ਹਨ। "*[4]

ਇਹਨਾਂ ਵਿੱਚੋਂ ਕੁਝ ਵਿਸ਼ੇਸ਼ ਧਾਤਾਂ ਮਨੁੱਖ ਨੂੰ ਕਈ ਤਰ੍ਹਾਂ ਦੀਆਂ ਮੁਸੀਬਤਾਂ ਤੋਂ ਬਚਾਉਂਦੀਆਂ ਹਨ। ਇਸ ਲਈ ਸੋਨਾ, ਚਾਂਦੀ, ਤਾਂਬਾ ਆਦਿ ਦੀ ਵਰਤੋਂ ਕੁਝ ਵਿਸ਼ੇਸ਼ ਭਾਂਤ ਦੀਆਂ ਮੁਸੀਬਤਾਂ ਤੋਂ ਬਚਣ ਲਈ ਕਰਨ ਦੇ ਤੱਥ ਤੇ ਪ੍ਰਮਾਣ ਵੀ ਪ੍ਰਾਪਤ ਹੁੰਦੇ ਹਨ ਤੇ ਇਹਨਾਂ ਹੀ ਧਾਤਾਂ ਨਾਲ ਜਿਆਦਾਤਰ ਲੋਕ ਵਿਸ਼ਵਾਸ ਜੁੜੇ ਹੋਏ ਹਨ।

ਕੁਝ ਵੈਦਾਂ ਅਤੇ ਧਾਤ ਵਿਗਿਆਨੀਆਂ ਦਾ ਵਿਚਾਰ ਹੈ ਕਿ ਕਈ ਧਾਤਾਂ ਜਦ ਸਾਡੀ ਚਮੜੀ ਨੂੰ ਛੋਹਦੀਆਂ ਹਨ ਤਾਂ ਸਰੀਰ ਦੇ ਲਹੂ ਗੇੜ, ਲਹੂ ਦੀ ਗਤੀ ਵਿਚ ਪਰਿਵਰਤਨ ਆਉਂਦਾ ਹੈ। ਜਿਸ ਕਾਰਨ ਧਾਤਾਂ ਨਾਲ ਵਿਸ਼ਵਾਸ ਜੁੜ ਜਾਣੇ ਸੁਭਾਵਿਕ ਹੀ ਹਨ। ਵੈਦਿਕ ਮਤ ਹੈ ਕਿ ਪੈਰਾਂ ਵਿਚ ਧਾਤ ਪਾਉਣ ਨਾਲ ਪੈਰ ਤੇ ਗਿੱਟੇ ਦੁਆਲੇ ਦੀਆਂ ਨਾੜੀਆਂ ਦਬਾਅ ਅਧੀਨ ਰਹਿੰਦੀਆਂ ਹਨ, ਜਿਸ ਕਾਰਨ ਰੀਹ ਦੀ ਪੀੜ ਵਰਗੀ ਬਿਮਾਰੀ ਤੋਂ ਸੁਰੱਖਿਅਤਾ ਰਹਿੰਦੀ ਹੈ, ਬੇਸ਼ਕ ਇਹ ਵੈਦਿਕ ਮਤ ਹੈ ਪਰ ਇਸ ਦੇ ਨਾਲ ਹੀ ਧਾਤ ਨਾਲ ਸਬੰਧਿਤ ਵਿਸ਼ਵਾਸ ਵੀ ਜੁੜ ਜਾਂਦਾ ਹੈ। ਇਸੇ ਤਰ੍ਹਾਂ ਪ੍ਰਾਚੀਨ ਕਾਲ ਵਿਚ ਮਨੁੱਖ ਦੇ ਸੁਆਸਾਂ ਨੂੰ ਨੱਕ ਰਾਹੀਂ ਬਾਹਰ ਨਿਕਲਣ ਤੋਂ ਰੋਕਣ ਲਈ ਰੋਗੀ ਦੇ ਨੱਕ ਵਿਚ

ਧਾਗਾ ਜਾਂ ਕਿਸੇ ਧਾਤ ਦੀ ਵਸਤੂ ਬੰਨ੍ਹ ਦਿੰਦੇ ਸਨ, ਲੋਕ ਵਿਸ਼ਵਾਸ ਸੀ ਕਿ ਇਸ ਤਰ੍ਹਾਂ ਇਹ ਧਾਤ ਸੁਆਸ ਬਾਹਰ ਨਿਕਲਣ ਤੋਂ ਰੋਕਦੀ ਹੋਈ ਮਨੁੱਖ ਦੀ ਆਯੂ ਵਧਾਉਂਦੀ ਹੈ ਜਿਸ ਕਾਰਨ ਇਹ ਪਵਿੱਤਰਤਾ ਦੀ ਧਾਰਨੀ ਹੋ ਗਈ। ਲੋਕ ਚਿਕਤਸਕ ਵੀ ਕੁਝ ਧਾਤਾਂ ਜਿਵੇਂ ਲੋਹਾ, ਸੋਨਾ, ਚਾਂਦੀ, ਤਾਂਬਾ ਆਰਗੈਨਿਕ ਦੁਆਈਆਂ ਬਣਾਉਣ ਲਈ ਵਰਤਦੇ ਹਨ। ਇਸ ਲਈ ਧਾਤਾਂ ਨਾਲ ਸਿਰਫ ਵਿਸ਼ਵਾਸ ਹੀ ਨਹੀਂ ਦੂਜੇ ਬਹੁਤ ਸਾਰੇ ਤਥ ਵੀ ਸਾਹਮਣੇ ਆਉਂਦੇ ਹਨ। ਬਹੁਤ ਸਾਰੀਆਂ ਬਿਮਾਰੀਆਂ ਦੇ ਇਲਾਜ ਜਾਦੂ ਟੂਣੇ, ਧਾਗੇ ਤਵੀਤ, ਝਾੜ ਫੂਕ, ਅਤੇ ਲੋਕ ਧਰਮ ਅਨੁਸਾਰ ਅਲੱਗ ਅਲੱਗ ਧਾਤਾਂ ਨੂੰ ਲੈ ਕੇ ਕੀਤੇ ਜਾਂਦੇ ਹਨ। ਹੌਲੀ ਹੌਲੀ ਧਾਤਾਂ ਸ਼ਿੰਗਾਰ ਦਾ ਸਾਧਨ ਬਣ ਗਈਆਂ ਤੇ ਇਹਨਾਂ ਧਾਤਾਂ ਤੋਂ ਭਾਂਤ ਭਾਂਤ ਦੇ ਗਹਿਣੇ ਬਣਨ ਲੱਗੇ ਤੇ ਇਹ ਮਨੁੱਖ ਦੀ ਸੁਹਜ ਤ੍ਰਿਪਤੀ ਦਾ ਸਾਧਨ ਬਣ ਗਏ ਪਰ ਇੱਥੇ ਇਹ ਕਹਿਣਾ ਸਾਰਥਕ ਹੈ ਕਿ ਧਾਤਾਂ ਸਿਰਫ ਸਿੰਗਾਰ ਦਾ ਸਾਧਨ ਹੀ ਨਾ ਹੋ ਕੇ ਸਰੀਰ ਦੀ ਹਰ ਭਾਂਤ ਦੀ ਅਰੋਗਤਾ ਅਤੇ ਸੁਰੱਖਿਆ ਨੂੰ ਮੁੱਖ ਰੱਖ ਕੇ ਵਰਤੀਆਂ ਜਾਂਦੀਆਂ ਰਹੀਆਂ ਹਨ। ਕੋਈ ਵੀ ਧਾਤ ਸ਼ਿੰਗਾਰ ਦੀ ਵਸਤੂ ਬਾਦ ਵਿਚ ਬਣੀ ਲੋਕ ਧਰਮ ਦਾ ਅੰਗ ਪਹਿਲਾਂ ਬਣ ਗਈ। ਪੁਰਾਣੇ ਮਨੁੱਖ ਇਹ ਸਮਝਦੇ ਸਨ ਕਿ ਖਾਸ ਧਾਤਾਂ ਤੇ ਧਾਤਾਂ ਦੇ ਲਿਸ਼ਕਾਰੇ ਦਾ ਮਨੁੱਖੀ ਮਨ ਅਤੇ ਸਰੀਰ ਤੇ ਕੁਝ ਅਸਰ ਹੁੰਦਾ ਹੈ। ਇਹ ਵੀ ਗਿਆਨ ਸੀ ਕਿ ਧਾਤ ਤੇ ਕੁਝ ਪੱਥਰਾਂ ਦੇ ਲਿਸ਼ਕਾਰਿਆਂ ਤੋਂ ਜਾਨਵਰ ਵੀ ਡਰ ਜਾਂਦੇ ਹਨ ਤੇ ਭੈੜੀਆਂ ਰੂਹਾਂ ਵੀ ਦੌੜ ਜਾਂਦੀਆਂ ਹਨ। ਇਹਨਾਂ ਵਿਚਾਰਾਂ ਸਦਕਾ ਹੀ ਧਾਤਾਂ ਨਾਲ ਅਨੇਕਾਂ ਹੋਰ ਵਿਸ਼ਵਾਸ ਜੁੜ ਗਏ।

ਪੰਜਾਬੀ ਜਨਜੀਵਨ ਜਾਂ ਸਭਿਆਚਾਰ ਵਿਚ ਜਿਹੜੀਆਂ ਧਾਤਾਂ ਆਮ ਪ੍ਰਚੱਲਿਤ ਹਨ ਉਹ ਗਹਿਣਿਆਂ ਜਾਂ ਭਾਂਡਿਆਂ ਦੇ ਰੂਪ ਵਿਚ ਮਿਲਦੀਆਂ ਹਨ। ਇਹ ਧਾਤਾਂ ਰੋਜ਼ਾਨਾ ਜੀਵਨ ਦੀਆਂ ਲੋਕਾਂ ਦੀ ਪੂਰਤੀ ਦੇ ਨਾਲ ਨਾਲ ਅਨੇਕਾਂ ਲੋਕ ਵਿਸ਼ਵਾਸਾਂ ਦੀਆਂ ਧਾਰਨੀ ਬਣ ਚੁੱਕੀਆਂ ਹਨ। ਬੇਸ਼ਕ ਇਹਨਾਂ ਅਸਟ ਧਾਤਾਂ ਵਿਚੋਂ ਸਾਰੀਆਂ ਧਾਤਾਂ ਨਾਲ ਸਬੰਧਤ ਵਿਸ਼ਵਾਸ ਪ੍ਰਚੱਲਤ ਨਹੀਂ ਮਿਲਦੇ ਪ੍ਰੰਤੂ ਉਹ ਖ਼ਾਸ ਧਾਤਾਂ ਜੋ ਜਿਆਦਾ ਵਰਤੋਂ ਵਿਚ ਆਉਂਦੀਆਂ ਹਨ ਉਹਨਾਂ ਨਾਲ ਸਬੰਧਤ ਲੋਕ ਵਿਸ਼ਵਾਸਾਂ ਦਾ ਵਰਗੀਕਰਨ ਕੀਤਾ ਜਾ ਸਕਦਾ ਹੈ। ਸੋਨਾ ਬਹੁਤ ਹੀ ਮਹੱਤਵਪੂਰਨ ਦੁਰਲੱਭ ਤੇ ਸਭ ਤੋਂ ਪਵਿੱਤਰ ਧਾਤ ਹੈ। ਇਹ ਇਕ ਕੀਮਤੀ ਧਾਤ ਹੈ। ਬੇਸ਼ੱਕ ਬੁਨਿਆਦੀ ਤੌਰ ਤੇ ਸੋਨੇ ਦੀ ਧਾਤ ਘਟ ਤੌਰ ਤੇ ਉਪਲਬਧ ਹੁੰਦੀ ਹੈ, ਇਸੇ ਲਈ ਇਹ ਦੁਰਲੱਭ ਤੇ ਵਿਸ਼ੇਸ਼ ਧਾਤ ਹੈ। ਇਹ ਧਾਤ ਆਪਣੇ ਵਿਸ਼ੇਸ਼ ਗੁਣਾਂ ਕਾਰਨ ਹੀ ਆਕਾਰਸ਼ਨ ਦਾ ਕਾਰਨ ਬਣਦੀ ਹੈ। ਇਹ ਧਾਤ ਜ਼ਮੀਨ ਥੱਲੇ ਦੱਬ ਦੇ ਕੇ ਵੀ ਚਮਕ ਨਹੀਂ ਗੁਆਉਂਦੀ ਅਤੇ ਅੱਗ ਵਿਚ ਪੈ ਕੇ ਵੀ ਭਸਮ ਨਹੀਂ ਹੁੰਦੀ।

*"ਸੋਨਾ ਸਭ ਧਾਤਾਂ ਤੋਂ ਪਵਿੱਤਰ, ਸ਼ੁਭ ਤੇ ਕਲਿਆਣਕਾਰੀ ਮੰਨਿਆ ਗਿਆ ਹੈ। ਸੋਨੇ ਦੀ ਛਹੁ ਸਹਿਜ ਰੂਪ ਵਿਚ ਹੀ ਇੱਕ ਪੁੰਨ ਕਰਮ ਹੈ।"*[5]

ਸੋਨਾ ਪਵਿੱਤਰ ਧਾਤ ਹੋਣ ਸਦਕਾ ਸਭ ਤੋਂ ਵੱਧ ਸੁਰੱਖਿਆ ਕਰਦਾ ਹੈ ਭੂਤਾਂ ਪ੍ਰੇਤਾਂ ਤੋਂ ਬਚਾਅ ਦਾ ਸਾਧਨ ਬਣਦਾ ਹੈ।

*"ਪ੍ਰਾਚੀਨ ਕਾਲ ਤੋਂ ਇਹ ਵਿਸ਼ਵਾਸ ਪ੍ਰਚਲਤ ਹੈ ਕਿ ਸੋਨਾ ਬੁਰੀ ਨਜ਼ਰ, ਬੁਰੀ ਬਲਾ ਤੇ ਬੁਰੀਆਂ ਆਤਮਾਵਾਂ ਤੋਂ ਮਨੁੱਖ ਦੀ ਰੱਖਿਆ ਕਰਦਾ ਹੈ।"*[6]

ਪੰਜਾਬੀ ਸੱਭਿਆਚਾਰ ਵਿੱਚ ਇਹ ਧਾਤ ਮੂਲ ਰੂਪ ਵਿੱਚ ਗਹਿਣੇ ਬਣਾਉਣ ਦੀ ਵਰਤੋਂ ਵਿੱਚ ਆਉਂਦੀ ਹੈ ਇਸੇ ਲਈ ਸ਼ਿੰਗਾਰ ਦੇ ਸਾਧਨ ਵਜੋਂ ਇਹ ਧਾਤ ਮੁਢਲੇ ਰੂਪ ਵਿੱਚ ਵਰਤੀ ਜਾਂਦੀ ਹੈ। ਸੋਨਾ ਸਿਰਫ ਪੰਜਾਬੀ ਸੱਭਿਆਚਾਰ ਵਿੱਚ ਹੀ ਨਹੀਂ ਬਲਕਿ ਦੁਨੀਆਂ ਦੇ ਹਰ ਸੱਭਿਆਚਾਰ ਵਿੱਚ ਜਿੱਥੇ ਸ਼ਿੰਗਾਰ ਦਾ ਸਾਧਨ ਬਣ ਕੇ ਉਪਜਿਆ ਉੱਥੇ ਲੋਭ, ਹੰਕਾਰ, ਅਣਹੋਂਦ, ਪ੍ਰਾਪਤੀ ਵਰਤੇ ਸਰਾਪ ਜਿਹੀਆਂ ਅਨੇਕਾਂ ਤਰੁੱਟੀਆਂ ਦਾ ਧਾਰਨੀ ਵੀ ਬਣ ਗਿਆ। ਸੋਨਾ ਪਵਿੱਤਰ ਹੋਣ ਸਦਕਾ ਇਸ ਨੂੰ ਪੈਰਾਂ ਵਿੱਚ ਨਹੀਂ ਪਾਇਆ ਜਾਂਦਾ ਭਾਵ ਸੋਨੇ ਦਾ ਕੋਈ ਵੀ ਗਹਿਣਾ ਪੈਰਾ ਲਈ ਨਹੀਂ ਬਣਾਇਆ ਜਾਂਦਾ। ਕਿਉਂ ਜੋ ਇਸ ਨਾਲ ਸੋਨੇ ਦੀ ਪਵਿੱਤਰਤਾ ਭੰਗ ਹੋਣ ਦਾ ਖਦਸ਼ਾ ਹੁੰਦਾ ਹੈ। ਸੋਨੇ ਦੀ ਧਾਤ ਚਮਕਦਾਰ ਹੋਣ ਸਦਕਾ ਇਹ ਵਿਸ਼ਵਾਸ ਵੀ ਪ੍ਰਚਲਿਤ ਰਿਹਾ ਹੈ ਕਿ ਜੇਕਰ ਸੋਨੇ ਦਾ ਪਾਣੀ ਪੈ ਕੇ ਸਰੀਰ ਉੱਪਰ ਪਵੇ ਤਾਂ ਸਰੀਰ ਦੀ ਸੁੰਦਰਤਾ ਵਿੱਚ ਵਾਧਾ ਹੁੰਦਾ ਹੈ ਭਾਵ ਸੋਨੇ ਦੀ ਚਮਕ ਜਿਹੇ ਹੀ ਸਰੀਰ ਦੀ ਚਮਕ ਹੋ ਜਾਂਦੀ ਹੈ ਇਸੇ ਵਿਸ਼ਵਾਸ ਕਾਰਨ ਕਈ ਇਸਤਰੀਆਂ ਆਪਣੇ ਡੌਲੇ ਨਾਲ ਸੋਨੇ ਦੀ ਮੋਟੀ ਤਾਰ ਲਪੇਟੀ ਰੱਖਦੀਆਂ ਹਨ ਤਾਂ ਕਿ ਨਹਾਉਣ ਵੇਲੇ ਪਾਣੀ ਸੋਨੇ ਉੱਤੇ ਪੈ ਕੇ ਸਰੀਰ ਉੱਤੇ ਪਵੇ। ਇਸੇ ਸੰਦਰਭ ਅਧੀਨ ਹੀ ਜੇਕਰ ਕਿਸੇ ਫਲ ਦਾ ਸਬਜੀ ਵਾਲੀ ਵੇਲ ਜਾਂ ਰੁੱਖ ਦੇ ਫਲ ਤੇ ਫੁੱਲ ਝੜਦੇ ਹੋਣ ਤਾਂ ਪਾਣੀ ਵਿੱਚ ਸੋਨਾ ਧੋ ਕੇ ਰੁੱਖਾ ਜਾਂ ਵੇਲਾ ਨੂੰ ਪਾਇਆ ਜਾਂਦਾ ਹੈ, ਲੋਕ ਵਿਸ਼ਵਾਸ ਹੈ ਕਿ ਇਸ ਨਾਲ ਰੁੱਖ ਜਾਂ ਵੇਲ ਨੂੰ ਫਲ ਲੱਗਣ ਲੱਗ ਜਾਵੇਗਾ। ਸੋਨਾ ਦਾਨ ਕਰਨਾ ਪੁੰਨ ਸਮਝਿਆ ਜਾਂਦਾ ਹੈ, ਇਹ ਵਿਸ਼ਵਾਸ ਪ੍ਰਚਲਿਤ ਹੈ ਕਿ ਥੋੜਾ ਸੋਨਾ ਦਾਨ ਕਰਨ ਤੇ ਜ਼ਿਆਦਾ ਸੋਨਾ ਪ੍ਰਾਪਤ ਹੁੰਦਾ ਹੈ ਇਹ ਵੀ ਧਾਰਨਾ ਪ੍ਰਚਲਤ ਰਹੀ ਹੈ ਕਿ ਮਰੇ ਹੋਏ ਮਨੁੱਖ ਲਈ ਦਾਨ ਕੀਤਾ ਸੋਨਾ ਜਿਆਦਾ ਫਲਦਾ ਹੈ ਇਸੇ ਲਈ ਜੇਕਰ ਕੋਈ ਮਨੁੱਖ ਕਾਫੀ ਉਮਰ ਭੋਗ ਕੇ ਮਰਦਾ ਹੈ ਤਾਂ ਉਸਦੇ ਮੂੰਹ ਵਿੱਚ ਛੋਟੀ ਜਿਹੀ ਸੋਨੇ ਦੀ ਡਲੀ ਰੱਖ ਦਿੱਤੀ ਜਾਂਦੀ ਹੈ ਜੇਕਰ ਉਹ ਜਿਆਦਾ ਹੀ ਬਜ਼ੁਰਗ ਹੈ ਤਾਂ ਉਸਨੂੰ

ਸੋਨੇ ਦੀ ਪੌੜੀ ਵੀ ਚੜਾਇਆ ਜਾਂਦਾ ਹੈ। ਜਿੰਨੀਆਂ ਪੌੜੀਆਂ ਉਸ ਤੋਂ ਅੱਗੇ ਮੌਜੂਦ ਹੋਣ ਪੌੜੀ ਦੇ ਉਨੇ ਹੀ ਡੰਡੇ ਬਣਵਾਏ ਜਾਂਦੇ ਹਨ ਤੇ ਮ੍ਰਿਤਕ ਦੇ ਪੈਰਾਂ ਨੂੰ ਛੂਹਾ ਕੇ ਇਹ ਸੋਨੇ ਦੀ ਪੌੜੀ ਦਾਨ ਕਰ ਦਿੱਤੀ ਜਾਂਦੀ ਹੈ। ਇਸ ਤੋਂ ਇਲਾਵਾ ਇਸ ਧਾਤ ਨਾਲ ਹੋਰ ਵੀ ਬਹੁਤ ਸਾਰੇ ਵਿਸ਼ਵਾਸ ਪ੍ਰਚਲਤ ਹਨ ਤੇ ਇਹਨਾਂ ਵਿੱਚੋਂ ਕਈ ਵਿਸ਼ਵਾਸ ਤਾਂ ਤੱਥ ਬਣ ਕੇ ਵੀ ਸਾਹਮਣੇ ਆਉਂਦੇ ਹਨ। ਵੈਦਿਕ ਮੱਤਾਂ ਅਨੁਸਾਰ ਵੀ ਸੋਨੇ ਨੂੰ ਗਲ ਵਿੱਚ ਪਾਉਣ ਨਾਲ ਗਲ ਦੀਆਂ ਬਿਮਾਰੀਆਂ ਦੂਰ ਹੋ ਜਾਂਦੀਆਂ ਹਨ। ਅੱਖ ਤੇ ਸੋਨੇ ਨੂੰ ਰਗੜਨ ਨਾਲ ਅੱਖ ਦੇ ਰੋਗ ਦੂਰ ਹੋ ਜਾਂਦੇ ਹਨ, ਕੰਨਾਂ ਵਿੱਚ ਪਾਉਣ ਨਾਲ ਸੁਣਣ ਸ਼ਕਤੀ ਵਧਦੀ ਹੈ ਤੇ ਕੜਾ ਪਾਉਣ ਨਾਲ ਮਨੁੱਖ ਡੁੱਬਦਾ ਨਹੀਂ ਹੈ। ਸੋਨੇ ਦੀ ਧਾਤ ਦੇ ਲੱਭਣ ਤੇ ਗਵਾਚਣ ਨਾਲ ਵੀ ਬਹੁਤ ਸਾਰੇ ਵਿਸ਼ਵਾਸ ਪ੍ਰਚਲਤ ਹਨ, ਜਿਵੇਂ ਸੋਨਾ ਲੱਭਣਾ ਵੀ ਮਾੜਾ ਹੁੰਦਾ ਹੈ ਤੇ ਗਵਾਚਣਾ ਵੀ। ਇਸ ਤੋਂ ਇਲਾਵਾ ਪੰਜਾਬੀ ਸੱਭਿਆਚਾਰ ਵਿਚ ਇਹ ਵਿਸ਼ਵਾਸ ਵੀ ਪ੍ਰਚਲਿਤ ਹੈ ਕਿ ਇਲ ਦੇ ਪ੍ਰਛਾਵੇ ਨੂੰ ਛੋਹਨ ਨਾਲ ਸੋਨਾ ਲੱਭਦਾ ਹੈ।

> *"ਅਮਰੀਕਨ ਲੋਕਾਂ ਦੇ ਵਹਿਮ ਅਨੁਸਾਰ ਸੂਰਜ ਨੂੰ ਸੋਨਾ ਦਿਖਾਣ ਨਾਲ ਧੰਨ ਦੌਲਤ ਦੀ ਪ੍ਰਾਪਤੀ ਹੁੰਦੀ ਹੈ।"[7]*

> *"ਮਈ ਮਹੀਨੇ ਦੀ ਪਹਿਲੀ ਤਾਰੀਖ ਨੂੰ ਭਰਨੇ ਤੇ ਨਹਾਉਣ ਨਾਲ 'ਸੋਨਾ ਲੱਭਦਾ ਹੈ।'[8]*

ਇਹਨਾਂ ਤੋਂ ਇਲਾਵਾ ਇਹ ਵੀ ਵਿਸ਼ਵਾਸ ਕੀਤਾ ਜਾਂਦਾ ਹੈ ਕਿ ਮਨੁੱਖ ਦੇ ਸਰੀਰ ਉਤੇ ਜਿੱਥੇ ਵੀ ਤਿਲ ਹੋਵੇ ਉਥੇ ਗਹਿਣਾ ਜ਼ਰੂਰ ਮਿਲਦਾ ਹੈ, ਇਸ ਤਰ੍ਹਾਂ ਜਿਸਦੇ ਸਰੀਰ ਉਪਰ ਜਿੰਨੇ ਜਿਆਦਾ ਤਿਲ ਹੋਣਗੇ ਉਸਨੂੰ ਉਨੇ ਹੀ ਜਿਆਦਾ ਸੋਨਾ ਜਾਂ ਹੋਰ ਧਾਤਾਂ ਦੇ ਗਹਿਣੇ ਪ੍ਰਾਪਤ ਹੋਣਗੇ। ਕੁਲ ਲੋਕ ਵਿਸ਼ਵਾਸ ਸੋਨੇ ਦੀ ਧਾਤ ਤੋਂ ਬਣੇ ਰਹਿਣਿਆਂ ਨਾਲ ਵੀ ਸਬੰਧਿਤ ਪਾਏ ਗਏ ਹਨ, ਜਿਹਨਾਂ ਵਿਚ ਸ਼ੌਕਣਮੋਹਰਾ, ਹੌਲਦਿਲੀ ਤਵੀਤ, ਛਿਣਗ, ਅੰਗੂਠੀ ਆਦਿ ਗਹਿਣਿਆਂ ਦੀ ਵਰਤੋਂ ਸਬੰਧੀ ਬਹੁਤ ਸਾਰੇ ਵਿਸ਼ਵਾਸ ਪ੍ਰਚੱਲਤ ਹਨ।

**'ਸ਼ੌਕਣ-ਮੋਹਰਾ'** ਸੋਨੇ ਦੀ ਧਾਤ ਦਾ ਬਣਿਆ ਇਹ ਖਾਸ ਕਿਸਮ ਦਾ ਗਹਿਣਾ ਹੁੰਦਾ ਹੈ। ਇਸ ਨੂੰ ਹਰ ਔਰਤ ਨਹੀਂ ਪਹਿਨਦੀ ਕਿਉਂਕਿ ਇਸ ਪਿੱਛੇ ਲੋਕ ਧਾਰਨਾ ਪ੍ਰਚੱਲਤ ਹੈ ਕਿ ਇਹ ਗਹਿਣਾ ਸਿਰਫ ਉਹ ਇਸਤਰੀ ਹੀ ਪਹਿਨਦੀ ਹੈ ਜਿਹੜੀ ਪਤੀ ਦੇ ਦੂਸਰੇ ਵਿਆਹ ਦੀ ਹੋਵੇ ਜਿਸਦੀ ਪਹਿਲਾਂ ਉਸੇ ਘਰ ਵਿੱਚ ਪਤੀ ਦੀ ਪਹਿਲੀ ਪਤਨੀ ਦੀ ਮੌਤ ਹੋਈ ਹੋਵੇ। ਸ਼ੌਕਣ ਮੋਹਰਾ ਸੋਨੇ ਦੀ ਇੱਕ ਖਾਸ ਕਿਸਮ ਦੀ ਤਵੀਤੜੀ ਹੁੰਦੀ ਹੈ ਜਿਸ ਤੇ ਮਰੀ ਹੋਈ ਸ਼ੌਕਣ ਦਾ ਚਿੱਤਰ ਉਲੀਕਿਆ ਹੁੰਦਾ ਹੈ। ਦੂਸਰੀ ਔਰਤ ਇਸਨੂੰ ਹਮੇਸ਼ਾ ਗਲ ਵਿੱਚ ਪਾ ਕੇ ਰੱਖਦੀ ਹੈ ਤੇ ਹਰ ਕੰਮ ਜਾਂ ਹਰ ਰਸਮ, ਖਾਣ ਪੀਣ, ਪਹਿਨਣ ਸਭ ਇਸ ਨੂੰ ਛੂਹਾ ਕੇ ਸ਼ੁਰੂ ਕਰਦੀ ਹੈ। ਲੋਕ ਵਿਸ਼ਵਾਸ ਪ੍ਰਚਲਤ ਹੈ ਕਿ ਮਰੀ ਹੋਈ ਸ਼ੌਕਣ ਤੋਂ ਇਸ ਤਰ੍ਹਾਂ ਇਜਾਜ਼ਤ ਲੈਣ ਨਾਲ ਉਸਦੀ ਰੂਹ ਸ਼ਾਂਤ ਰਹਿੰਦੀ ਹੈ ਤੇ ਕੋਈ ਨੁਕਸਾਨ ਨਹੀਂ ਕਰਦੀ। ਹੌਲ ਦਿਲੀ ਥੋੜੇ ਦਿਲ ਵਾਲੀ ਔਰਤ ਜਾਂ ਕਿਸੇ ਅਣਦਿਸਦੀ ਸ਼ਕਤੀ ਤੋਂ ਡਰਦੀ ਔਰਤ ਤੰਦਰੁਸਤੀ ਲਈ ਜ਼ਹਿਰ ਮੋਹਰੇ ਪੱਥਰ ਦਾ ਇੱਕ ਹਿੱਸਾ ਸੋਨੇ ਦੀ ਧਾਤ ਵਿੱਚ ਮੜਵਾ ਕੇ ਪਹਿਨਦੀ ਹੈ ਲੋਕ ਵਿਸ਼ਵਾਸ ਹੈ ਕਿ ਇਸ ਤਰ੍ਹਾਂ ਉਹ ਅਣ ਦਿਸਦੀ ਸ਼ਕਤੀ ਤੋਂ ਸੁਰੱਖਿਅਤ ਹੋ ਜਾਂਦੀ ਹੈ। ਪੰਜਾਬੀ ਸੱਭਿਆਚਾਰ ਤੇ ਵਹਿਮਾਂ ਭਰਮਾਂ ਵਿੱਚ ਤਵੀਤਾਂ ਦਾ ਖਾਸ ਜਿਕਰ ਆਉਂਦਾ ਹੈ, ਜਿਨਾਂ ਨੂੰ ਖਾਸ ਧਾਤਾਂ ਵਿੱਚ ਬਣਵਾ ਕੇ ਪਹਿਨਣ ਨਾਲ ਕੋਈ ਵਿਸ਼ਵਾਸ ਜੁੜੇ ਹੋਏ ਹਨ ਜੇਕਰ ਕਿਸੇ ਨੂੰ ਭੈੜੇ ਸੁਪਨੇ ਆਉਂਦੇ ਹੋਣ ਤਾਂ ਸਿਆਣੇ ਤੋਂ ਧਾਗਾ ਮੰਤਰ ਕਰਾ ਕੇ ਸੋਨੇ ਦੀ ਧਾਤ ਵਿੱਚ ਪਰੋ ਕੇ ਪਹਿਨਿਆ ਜਾਂਦਾ ਹੈ। ਬੱਚੇ ਦੀ ਰੱਖ ਵਾਸਤੇ ਸੋਨੇ ਦਾ ਤਵੀਤ ਪਹਿਨਾਇਆ ਜਾਂਦਾ ਹੈ। ਸੋਨੇ ਦੀ ਤਵੀਤੜੀ ਨੂੰ ਕਾਲੇ ਧਾਗੇ ਵਿੱਚ ਪਰੋਣਾ ਲਾਜ਼ਮੀ ਹੁੰਦਾ ਹੈ। ਇਸ ਦੀ ਵਰਤੋਂ ਬਹੁਤ ਪੁਰਾਣੇ ਸਮੇਂ ਤੋਂ ਹੁੰਦੀ ਰਹੀ ਹੈ। ਪੰਜਾਬੀ ਸਮਾਜ ਜਾਂ ਸੱਭਿਆਚਾਰ ਵਿੱਚ ਤਿੰਨ ਕੁੜੀਆਂ ਤੋਂ ਬਾਅਦ ਜਨਮੇ ਲੜਕੇ ਨੂੰ ਤ੍ਰਿਖਲ ਕਿਹਾ ਜਾਂਦਾ ਹੈ ਤ੍ਰਿਖਲ ਲੜਕਾ ਆਪਣੇ ਮਾਂ ਬਾਪ ਜਾਂ ਕਾਰੋਬਾਰ ਤੇ ਭਾਰੀ ਹੁੰਦਾ ਹੈ। ਇਸ ਦੇ ਉਪਾਅ ਲਈ ਜਾਦੂਈ ਤਵੀਤਾਂ ਨੂੰ ਸੋਨੇ ਦੀ ਧਾਤ ਵਿੱਚ ਮੜ ਕੇ ਬੱਚੇ ਦੇ ਗਲ ਵਿੱਚ ਪਾਇਆ ਜਾਂਦਾ ਹੈ ਲੋਕ ਵਿਸ਼ਵਾਸ ਹੈ ਕਿ ਇਸ ਤਰ੍ਹਾਂ ਉਸ ਤੇ ਪੈਣ ਵਾਲੇ ਮੰਦ ਪ੍ਰਭਾਵ ਫਲ ਜਾਂਦੇ ਹਨ।

ਬੱਚੇ ਨੂੰ ਨਜ਼ਰ ਤੋਂ ਬਚਾਉਣ ਲਈ ਖਾਸ ਤਰ੍ਹਾਂ ਦੀ ਮਾਲਾ ਵਿੱਚ ਸੋਨੇ ਦੇ ਮਣਕੇ ਪਰੋ ਕੇ ਇੱਕ ਨਜ਼ਰ ਵੱਟੂ ਜਾਂ ਸ਼ੇਰ ਦਾ ਨੂੰਹ ਪਾ ਦਿੱਤਾ ਜਾਂਦਾ ਹੈ। ਲੋਕ ਵਿਸ਼ਵਾਸ ਹੈ ਕਿ ਇਸ ਤਰ੍ਹਾਂ ਨਜ਼ਰ ਇਹਨਾਂ ਵਸਤੂਆਂ ਉੱਪਰ ਪੈ ਕੇ ਗਵਾਚ ਜਾਂਦੀ ਹੈ ਤੇ ਬੱਚੇ ਤੇ ਇਸਦਾ ਅਸਰ ਨਹੀਂ ਹੁੰਦਾ। ਤਵੀਤ ਵੀ ਕਈ ਕਿਸਮਾਂ ਦੇ ਹੁੰਦੇ ਹਨ ਇਹਨਾਂ ਵਿੱਚੋਂ ਹੀ ਇਸਦੀ ਇੱਕ ਅਨੋਖੀ ਕਿਸਮ ਛਿਣਗ ਤਾਵੀਤ ਹੈ। ਇਹ ਧਾਰਨਾ ਪ੍ਰਚਲਤ ਹੈ ਕਿ ਜੇਕਰ ਕੋਈ ਬੱਚਾ ਬਹੁਤ ਜਿਆਦਾ ਜਿੱਦ ਕਰੇ ਜਾਂ ਰੋਵੇ ਤਾਂ ਬੱਚੇ ਦਾ ਮਾਮਾ ਸੁਨਿਆਰੇ ਕੋਲੋਂ ਹੀ ਇਕ ਲੱਤ ਉੱਪਰ ਖੜਾ ਹੋ ਕੇ ਵਿਸ਼ੇਸ਼ ਪਰਕਾਰ ਦੀ ਛਿਣਗ ਬਣਵਾਉਂਦਾ ਹੈ ਮਾਮਾ ਓਨੀ ਦੇਰ ਤੱਕ ਇਕ ਲੱਤ ਉੱਤੇ ਹੀ ਖੜਾ ਹੋ ਰਹਿੰਦਾ ਹੈ ਜਿੰਨੀ ਦੇਰ ਛਿਨਗ ਘੜੀ ਨਾ ਜਾਵੇ। ਸੋਨੇ ਦੀ ਧਾਤ ਦੀ ਬਣੀ ਇਸ ਛਿਣਗ ਨੂੰ ਜਦ ਮਾਮਾ ਆਪਣੇ ਭਾਣਜੇ ਨੂੰ ਪਹਿਨਾਉਂਦਾ ਹੈ ਤਾਂ ਲੋਕ ਵਿਸ਼ਵਾਸ ਹੈ ਕਿ ਬੱਚਾ ਜਿਦ ਕਰਨੋ ਹੱਟ ਜਾਂਦਾ ਹੈ। ਕੁਝ ਖਾਸ

ਕਿਸਮ ਦੇ ਪੱਥਰਾਂ ਜਾਂ ਨਗਾਂ ਨੂੰ ਸੋਨੇ ਦੀ ਧਾਤ ਵਿੱਚ ਮੜਵਾ ਕੇ ਪਹਿਨਣ ਨਾਲ ਸਾਰਥਕ ਤੇ ਉਪਯੋਗੀ ਸਿੱਟੇ ਪ੍ਰਾਪਤ ਹੁੰਦੇ ਹਨ। ਇਸ ਪਿੱਛੇ ਮਨੁੱਖ ਦੀ ਕੁਦਰਤ ਤੋਂ ਕੁਝ ਪ੍ਰਾਪਤੀ ਦੀ ਲਾਲਸਾ ਕੁਝ ਗ੍ਰਹਾਂ ਦੇ ਮੰਦੇ ਪ੍ਰਭਾਵਾਂ ਨੂੰ ਟਾਲਣ ਦੀ ਬਿਰਤੀ ਨੇ ਸੋਨੇ ਦੀ ਮੁੰਦਰੀ ਨੂੰ ਪਹਿਨਣ ਨਾਲ ਕਈ ਲੋਕ ਵਿਸ਼ਵਾਸਾਂ ਦੀ ਸਿਰਜਣਾ ਕਰ ਦਿੱਤੀ ਹੈ।

> *"ਮਨੁੱਖ ਦਾ ਗ੍ਰਹਿਆਂ ਨਾਲ ਤੇ ਗ੍ਰਹਾਂ ਦਾ ਪੱਥਰਾਂ ਨਾਲ ਸੰਬੰਧ ਹੋਣ ਕਰਕੇ ਕਈ ਤਰ੍ਹਾਂ ਦੇ ਮਕਸਦ ਹੱਲ ਕਰਨ ਲਈ ਸੋਨੇ ਆਦਿ ਧਾਤਾਂ ਦੀਆਂ ਮੁੰਦਰੀਆਂ 'ਚ ਬਣਾ ਕੇ ਪਹਿਨਣ ਦਾ ਵਿਸ਼ਵਾਸ ਵੀ ਪ੍ਰਚਲਤ ਹੈ।"*[9]

ਲੋਕ ਵਿਸ਼ਵਾਸਾਂ ਦੇ ਇਹਨਾਂ ਪਹਿਲੂਆਂ ਤੋਂ ਬਿਨਾਂ ਪੰਜਾਬੀ ਸੱਭਿਆਚਾਰ 'ਚ ਸੋਨੇ ਦੀ ਧਾਤ ਨਾਲ ਕੁਝ ਹੋਰ ਫੁਟਕਲ ਲੋਕ ਵਿਸ਼ਵਾਸ ਵੀ ਜੁੜੇ ਹੋਏ ਹਨ। ਜਿਨਾਂ ਵਿੱਚ ਇਹ ਵਿਸ਼ਵਾਸ ਪ੍ਰਚਲਿਤ ਹੈ ਕਿ ਜੇਕਰ ਬੱਚੇ ਟੁੱਟੇ ਹੋਏ ਦੰਦ ਤੋਂ ਜੀਭ ਦੂਰ ਰੱਖਣ ਤਾਂ ਸੋਨੇ ਦਾ ਦੰਦ ਉੱਗਦਾ ਹੈ। ਜਿਸ ਮਨੁੱਖ ਦੇ ਸੋਨੇ ਦਾ ਦੰਦ ਹੋਵੇ ਉਹ ਮਰਨ ਉਪਰੰਤ ਸਿੱਧਾ ਸਵਰਗਾਂ ਵਿੱਚ ਜਾਂਦਾ ਹੈ। ਸੋਨਾ ਦਾਨ ਕਰਨ ਲਈ ਮੰਗਲਵਾਰ ਦਾ ਦਿਨ ਸ਼ੁਭ ਹੁੰਦਾ ਹੈ ਇਸ ਨਾਲ ਮੰਗਲ ਗ੍ਰਹਿ ਟਲ ਜਾਣ ਦਾ ਲੋਕ ਵਿਸ਼ਵਾਸ ਪ੍ਰਚਲਿਤ ਹੈ। ਪੰਜਾਬੀ ਸੱਭਿਆਚਾਰ ਵਿੱਚ ਸੋਨੇ ਦੀ ਧਾਤ ਬੁਰੀ ਨਜ਼ਰ, ਬੁਰੀਆਂ ਬੁਲਾਵਾਂ ਤੇ ਆਤਮਾਵਾਂ ਤੋਂ ਸੁਰੱਖਿਆ ਦਾ ਸਾਧਨ ਬਣਦੀ ਹੋਈ ਮਨੁੱਖ ਦੀ ਸੋਹਜ ਸ਼ਿੰਗਾਰ ਤੇ ਹਾਰ ਸ਼ਿੰਗਾਰ ਦੀ ਤ੍ਰਿਪਤੀ ਕਰਦੀ ਮਨੁੱਖ ਦੀਆਂ ਮਾਨਸਿਕ ਉਤੇਜਨਾਵਾਂ ਦੀ ਪੂਰਤੀ ਕਰਦੀ ਹੈ, ਭਾਵੇਂ ਕਿ ਸੋਨੇ ਦੇ ਗਹਿਣੇ ਜਿਆਦਾਤਰ ਇਸਤਰੀਆਂ ਹੀ ਪਹਿਨਦੀਆਂ ਹਨ ਤੇ ਸੋਨੇ ਦੀ ਧਾਤ ਦੀ ਹੋਰ ਰੂਪਾਂ ਵਿਚ ਵਰਤੋਂ ਵੀ ਇਸਤਰੀ ਹੀ ਕਰਦੀ ਹੈ ਪਰ ਫਿਰ ਵੀ ਸੋਨਾ ਮਰਦ ਮਨ ਨਾਲ ਜਾ ਜੁੜਦਾ ਹੈ ਤੇ ਇਸਦੇ ਮੁਕਾਬਲੇ ਚਾਂਦੀ ਔਰਤ ਮਨ ਦੀ ਪ੍ਰਤੀਨਿਤਾ ਕਰਦੀ ਔਰਤ ਦੀ ਮਾਨਸਿਕਤਾ ਨਾਲ ਜਾ ਜੁੜਦੀ ਹੈ। ਸੋਨੇ ਤੋਂ ਬਾਅਦ ਚਾਂਦੀ ਦੀ ਧਾਤ ਵੱਡੀ ਮਾਤਰਾ ਵਿੱਚ ਪੰਜਾਬੀ ਸੱਭਿਆਚਾਰ ਵਿੱਚ ਗਹਿਣੇ ਲਈ ਵਰਤੋਂ ਵਿੱਚ ਆਉਂਦੀ ਹੈ ਕਿਉਂਕਿ ਚਾਂਦੀ ਦੀ ਧਾਤ ਵੀ ਸੋਨੇ ਵਾਂਗ ਲਿਸ਼ਕਵੀ ਤੇ ਚਮਕਵੀ ਧਾਤ ਹੈ। ਇਹ ਸੋਨੇ ਜਿੰਨੀ ਦੁਰਲਭ ਨਹੀਂ ਹੁੰਦੀ। ਇਸ ਕਰਕੇ ਇਹ ਧਾਤ ਜਿਆਦਾ ਮਹਿੰਗੀ ਨਾ ਹੋਣ ਕਾਰਨ ਸਮਾਜ ਵਿੱਚ ਮੱਧ ਵਰਗ ਦੀ ਪ੍ਰਤੀਨਿਤਾ ਕਰਦੀ ਹੈ। ਇਹ ਧਾਤ ਜਿੱਥੇ ਰੋਜ਼ਾਨਾ ਜੀਵਨ 'ਚ ਸ਼ਿੰਗਾਰ ਤੇ ਗਹਿਣਿਆਂ ਦਾ ਸਾਧਨ ਬਣਦੀ ਹੈ ਉੱਥੇ ਇਸ ਨਾਲ ਬਹੁਤ ਸਾਰੇ ਲੋਕ ਵਿਸ਼ਵਾਸ ਵੀ ਪ੍ਰਚਲਤ ਰਹੇ ਹਨ, । ਪੁਰਾਣੇ ਸਮਿਆਂ ਵਿੱਚ ਮਰਦ ਔਰਤ ਨੂੰ ਆਪਣੀ ਗੁਲਾਮ ਬਣਾ ਕੇ ਰੱਖਦਾ ਸੀ ਜਿਸ ਦੇ ਪ੍ਰਤੀਕ ਵਜੋਂ ਔਰਤ ਦੇ ਪੈਰਾਂ ਚਾਂਦੀ ਜਾਂ ਲੋਹੇ ਦੇ ਤੰਗ ਕੜੇ ਪਹਿਨਾ ਦਿੱਤੇ ਜਾਂਦੇ ਸਨ। ਹੌਲੀ ਹੌਲੀ ਯੁਗ ਬਦਲ ਗਿਆ ਤੇ ਗੁਲਾਮੀ ਵਜੋਂ ਪੈਰਾਂ 'ਚ ਪਾਏ ਜਾਂਦੇ ਕੜੇ ਪੈਰਾਂ ਦੇ ਸ਼ਿੰਗਾਰ ਦਾ ਸਾਧਨ ਬਣ ਕੇ ਗਹਿਣਿਆਂ ਦਾ ਰੂਪ ਧਾਰਨ ਕਰ ਗਏ। ਜਿੱਥੇ ਸੋਨੇ ਦੀ ਧਾਤ ਵਧੇਰੇ ਪਵਿੱਤਰਤਾ ਦੀ ਧਾਰਨੀ ਹੋਣ ਕਰਕੇ ਪੈਰਾਂ ਵਿੱਚ ਨਹੀਂ ਪਾਈ ਜਾਂਦੀ ਉੱਥੇ ਚਾਂਦੀ ਦੀ ਧਾਤ ਤੇ ਅਜਿਹੀ ਕੋਈ ਪਾਬੰਦੀ ਲਾਗੂ ਨਹੀਂ ਹੁੰਦੀ। ਚਾਂਦੀ ਦੀ ਧਾਤ ਠੰਡੀ ਹੋਣ ਸਦਕਾ ਇਸ ਨੂੰ ਗਿੱਟੇ ਦੁਆਲੇ ਪਹਿਨਾਇਆ ਜਾਂਦਾ ਹੈ। ਲੋਕ ਵਿਸ਼ਵਾਸ ਹੈ ਕਿ ਚਾਂਦੀ ਦਾ ਕੜਾ ਜਾ ਕੋਈ ਹੋਰ ਗਹਿਣਾ ਪਹਿਨਣ ਨਾਲ ਮਨੁੱਖ ਆਪਣੇ ਗੁੱਸੇ ਤੇ ਕਾਬੂ ਪਾਈ ਰੱਖਦਾ ਹੈ। ਚਾਂਦੀ ਦੀ ਧਾਤ ਨਾਲ ਸੰਬੰਧਿਤ ਲੋਕ ਵਿਸ਼ਵਾਸ ਬੱਚੇ ਦੇ ਜਨਮ ਦੇ ਨਾਲ ਹੀ ਸ਼ੁਰੂ ਹੋ ਜਾਂਦੇ ਹਨ। ਬੱਚੇ ਦੇ ਜਨਮ ਸਮੇਂ ਦੁੱਧ ਧੁਵਾਈ ਦੀ ਰਸਮ ਵੇਲੇ ਕੋਰੀ ਠੂਠੀ ਵਿੱਚ ਚਾਂਦੀ ਦੀ ਧਾਤ ਰੱਖ ਕੇ ਘਾ ਨਾਲ ਦੁੱਧ ਧੁਵਾਏ ਜਾਂਦੇ ਹਨ। ਵਿਸ਼ਵਾਸ ਹੈ ਕਿ ਮਾਂ ਦਾ ਦੁੱਧ ਬੱਚੇ ਵਿਚ ਚਾਂਦੀ ਵਾਂਗ ਠੰਡਕ ਪੈਦਾ ਕਰਦਾ ਹੈ। ਬੱਚੇ ਦੇ ਜਨਮ ਸਮੇਂ ਕੀਤੀ ਜਾਣ ਵਾਲੀ ਇੱਕ ਹੋਰ ਰਸਮ ਵਿੱਚ ਪ੍ਰੋਹਿਤ ਅੱਗ ਵਿੱਚ ਘਿਓ ਤਿਲ ਪਾ ਕੇ ਅਗਨੀ ਵਿੱਚ ਕਲਸ ਗੰਗਾ ਜਲ ਤੇ ਚਾਂਦੀ ਦੀ ਧਾਤ ਦਾ ਇੱਕ ਛੋਟਾ ਜਿਹਾ ਛੱਲਾ ਬਣਾ ਕੇ ਪਾਉਂਦੇ ਹਨ, ਲੋਕ ਵਿਸ਼ਵਾਸ ਹੈ ਕਿ ਇਸ ਨਾਲ ਘਰ ਵਿੱਚੋਂ ਸੂਤਕ ਨਿਕਲ ਜਾਂਦਾ ਹੈ। ਬੱਚੇ ਨੂੰ ਬੁਰੀ ਨਜ਼ਰ ਤੋਂ ਬਚਾਉਣ ਲਈ ਕਈ ਪ੍ਰਕਾਰ ਦੇ ਓਹੜ ਪੋਹੜ ਕੀਤੇ ਜਾਂਦੇ ਹਨ ਲੜਕੇ ਦੇ ਜਨਮ ਸਮੇਂ ਦਾਈ ਨਿੱਕੇ ਨਿੱਕੇ ਚਾਂਦੀ ਦੇ ਬੋਰਾ ਵਿੱਚ ਕਾਲੇ ਰੰਗ ਦਾ ਨਜ਼ਰ ਵੱਟੂ ਪਰੋ ਕੇ ਬੱਚੇ ਦੇ ਗਲ ਵਿੱਚ ਪਾ ਦਿੰਦੀ ਹੈ। ਤਾਂ ਜੋ ਬਦਰੂਹਾਂ ਬੱਚੇ ਤੇ ਕੋਈ ਅਸਰ ਨਾ ਕਰ ਸਕ ਇਸ ਤੋਂ ਇਲਾਵਾ ਚਾਂਦੀ ਦੀ ਪਤਲੀ ਤਾਰ ਵਿੱਚ ਕਾਲੇ ਤੇ ਚਾਂਦੀ ਦੀ ਧਾਤ ਦੇ ਚਿੱਟੇ ਮਣਕੇ ਪਰੋ ਕੇ ਬੱਚੇ ਦੀ ਬਾਂਹ ਨਾਲ ਬੰਨ ਦਿੱਤੇ ਜਾਂਦੇ ਹਨ ਲੋਕ ਵਿਸ਼ਵਾਸ ਹੈ ਕਿ ਬੱਚੇ ਨੂੰ ਨਜ਼ਰ ਨਹੀਂ ਲੱਗਦੀ ਸ਼ਾਸਤਰਾਂ ਅਨੁਸਾਰ ਬੱਚੇ ਦੇ ਕੰਨ ਵਿੰਨ੍ਹਣ ਵੇਲੇ ਸੁਨਿਆਰਾ ਬ੍ਰਾਹਮਣਾਂ ਤੇ ਵੈਸ਼ਾਂ ਜਿਹੇ ਮੱਧ ਵਰਗ ਲਈ ਚਾਂਦੀ ਦੀ ਸੂਈ ਦੀ ਵਰਤੋਂ ਖਾਸ ਤੌਰ ਤੇ ਕਰਦਾ ਹੈ ਇੱਥੇ ਸ਼੍ਰੇਣਕ ਵੰਡ ਅਨੁਸਾਰ ਚਾਂਦੀ ਦੀ ਧਾਤ ਮੱਧ ਵਰਗ ਦਾ ਪ੍ਰਤੀਕ ਬਣਦੀ ਹੈ ਚਾਂਦੀ ਦੀ ਧਾਤ ਨੂੰ ਆਮ ਤੌਰ ਤੇ ਤਵੀਤਾਂ ਵਿੱਚ ਵੀ ਵਰਤਿਆ ਜਾਂਦਾ ਹੈ ਇੱਕ ਬੱਚੇ ਨੂੰ ਬੁਰੀ ਨਜ਼ਰ ਤੋਂ ਬਚਾਉਣ ਲਈ ਗਊ ਲੋਚਨ ਕੇਸਰ ਨਾਲ ਜੰਤਰ ਲਿਖ ਕੇ ਚਾਂਦੀ ਦੇ ਤਵੀਤ ਵਿੱਚ ਮਣਾ ਕੇ ਬੱਚੇ ਦੇ ਗਲ ਵਿੱਚ ਪਹਿਨਾ ਦਿੱਤਾ ਜਾਂਦਾ ਹੈ। ਬੱਚੇ ਦੀ ਸੁਖ ਵਾਸਤੇ ਜਾਂ ਵੱਧ ਨਜ਼ਰ ਤੋਂ ਰੱਖਿਆ ਲਈ ਵੀ ਪੰਜਾਬੀ ਸੱਭਿਆਚਾਰ ਵਿੱਚ ਹਸਲੀਦਾਨ ਦੇ ਰੀਤ ਪ੍ਰਚਲਤ ਹੈ ਇਸ ਰੀਤ ਅਨੁਸਾਰ ਬੱਚੇ ਦੇ ਜਨਮ ਸਮੇਂ ਉਸਦੇ ਗਲੇ ਵਿੱਚ ਦੋ ਤਿੰਨ ਤੋਲਿਆਂ ਦੀ ਚਾਂਦੀ ਦੀ ਹੰਸਲੀ ਪਾ ਦਿੱਤੀ ਜਾਂਦੀ ਹੈ ਫਿਰ ਹਰ ਸਾਲ ਬੱਚੇ ਦੇ ਜਨਮ ਦਿਨ ਤੇ ਪਹਿਲੀ ਹਸਲੀ ਉਤਾਰ ਕੇ ਨਵੀਂ ਤੇ ਵੱਡੀ ਹਸਲੀ ਪਾਈ ਜਾਂਦੀ ਹੈ। ਜਦ ਬੱਚਾ 12 ਸਾਲ ਦਾ ਹੁੰਦਾ ਹੈ ਤਾਂ ਸਾਰੀਆਂ ਹਸਲੀਆਂ

ਵੇਚ ਕੇ ਗਰੀਬਾਂ ਨੂੰ ਪੈਸੇ ਦਾਨ ਕਰ ਦਿੱਤੇ ਜਾਂਦੇ ਹਨ ਲੋਕ ਵਿਸ਼ਵਾਸ ਹੈ ਕਿ ਇਸ ਤਰ੍ਹਾਂ ਬੱਚੇ ਤੇ ਆਉਣ ਵਾਲੀਆਂ ਸਾਰੀਆਂ ਮੁਸੀਬਤਾਂ ਖਤਮ ਹੋ ਜਾਂਦੀਆਂ ਹਨ ਇਸੇ ਤਰ੍ਹਾਂ ਦੀ ਇੱਕ ਹੋਰ ਰਸਮ ਮੁਸਲਮਾਨਾਂ ਵਿੱਚ ਵੀ ਪ੍ਰਚਲਿਤ ਰਹੀ ਹੈ ਬੱਚੇ ਨੂੰ ਵੱਧ ਨਜ਼ਰ ਤੋਂ ਬਚਾਉਣ ਲਈ ਤੇ ਮੁਸੀਬਤਾਂ ਤੋਂ ਦੂਰ ਰੱਖਣ ਲਈ ਸਫਰ ਮਹੀਨੇ ਦੇ ਅਖੀਰਲੇ ਬੁੱਧਵਾਰ ਬੱਚੇ ਦੇ ਗਲ ਵਿੱਚ ਚਾਂਦੀ ਦੀ ਧਾਤ ਤੋਂ ਬਣੀ ਹਮੇਲ ਪਹਿਨਾਈ ਜਾਂਦੀ ਹੈ ਤਾਂ ਕੁਝ ਸਾਲਾਂ ਬਾਅਦ ਵੇਚ ਕੇ ਪੈਸੇ ਦਾਨ ਕਰ ਦਿੱਤੇ ਜਾਂਦੇ ਹਨ ਇਹ ਤਵੀਤਾਂ ਦੀ ਸ਼ਕਲ ਦੀਆਂ ਹਮੇਲਾਂ ਤੇ ਹਸਲੀ ਵਿਸ਼ੇਸ਼ ਚਾਂਦੀ ਦੀ ਧਾਰ ਨਾਲ ਸਬੰਧ ਰੱਖਦੀਆਂ ਹਨ ਇਸੇ ਸੰਦਰਭ ਅਧੀਨ ਇਕ ਖਾਸ ਕਿਸਮ ਦਾ ਤਵੀਤ ਜਿਸ ਨੂੰ ਧੰਧਾਰਾ ਕਹਿੰਦੇ ਹਨ ਸਿਰਫ ਚਾਂਦੀ ਦੀ ਧਾਤ ‘ਚ ਮਲਵਾ ਕੇ ਪਹਿਨਿਆ ਜਾਂਦਾ ਹੈ ਲੋਕ ਵਿਸ਼ਵਾਸ ਅਨੁਸਾਰ ਇਹ ਬਧਰੂਹਾਂ ਤੋਂ ਰੱਖਿਆ ਕਰਦਾ ਹੈ ਜੇਕਰ ਕੋਈ ਔਰਤ ਡਰ ਨਾਲ ਰਹਿੰਦੀ ਹੋਵੇ ਤਾਂ ਖਾਸ ਮੰਤਰ ਨੂੰ ਕਾਗਜ਼ ਤੇ ਲਿਖ ਕੇ ਚਾਂਦੀ ਦੀ ਧਾਰ ‘ਚ ਮੁੜਵਾ ਕੇ ਗਲ ਵਿੱਚ ਪਾ ਲਿਆ ਜਾਵੇ ਤਾਂ ਰੋਗੀ ਔਰਤ ਨੂੰ ਘਬਰਾਹਟ ਨਹੀਂ ਹੁੰਦੀ ਜੇਕਰ ਭੈੜੇ ਸੁਪਣੇ ਆਉਂਦੇ ਹੋਣ ਤਾਂ ਸਿਆਣੇ ਤੋਂ ਧਾਗਾ ਕਰਾ ਕੇ ਚਾਂਦੀ ਦੀ ਧਾਤ ‘ਚ ਮੜ੍ਹਾ ਕੇ ਪਾਉਣ ਨਾਲ ਵੀ ਵਿਸ਼ਵਾਸ ਕੀਤਾ ਜਾਂਦਾ ਹੈ ਕਿ ਭੈੜੇ ਸੁਪਨੇ ਨਹੀਂ ਆਉਂਦੇ ਜੇਕਰ ਕਿਸੇ ਦਾ ਸਿਰ ਦੁਖੇ ਤਾਂ ਗੁਰਦੁਆਰੇ ਦੇ ਭਾਈ ਜਾਂ ਮੰਦਰ ਦੇ ਪੰਡਿਤ ਕੋਲੋਂ ਸ਼ਬਦ ਲਿਖਾ ਕੇ ਚਾਂਦੀ ਦੇ ਤਵੀਤ ‘ਚ ਮੜ੍ਹਾ ਕੇ ਗਲ ਵਿੱਚ ਪਾ ਲਿਆ ਜਾਂਦਾ ਹੈ ਕਈ ਵਾਰ ਨਜ਼ਰ ਲੱਗਣ ਤੇ ਧਾਗਾ ਕਰਾ ਕੇ ਚਾਂਦੀ ਦੀ ਤਲਵਾਰ ਦਾ ਚਿੰਨ ਤੇ ਸ਼ੇਰ ਦੀ ਜੜ੍ਹ ਮੜ੍ਹਾ ਕੇ ਅੜੰਗ ਦਿੱਤੀ ਜਾਂਦੀ ਹੈ ਕਈ ਵਾਰ ਨਵ ਵਿਆਈਆਂ ਔਰਤਾਂ ਨੂੰ ਹਾਰ ਸ਼ਿੰਗਾਰ ਕਾਰਨ ਇਲ ਬਲਾਜ ਪੁੱਤਾ ਪ੍ਰੇਤਾ ਵਧੇਰੇ ਤੰਗ ਕਰਦੀਆਂ ਹਨ ਇਸ ਤੋਂ ਬਚਾ ਲਈ ਚਾਂਦੀ ਦੀ ਧਾਤ ਦੇ ਕਈ ਪ੍ਰਕਾਰ ਦੇ ਤਵੀਤ ਬਣਵਾਏ ਜਾਂਦੇ ਹਨ ਲੋਕ ਵਿਸ਼ਵਾਸਾਂ ਅਨੁਸਾਰ ਚਾਂਦੀ ਦੀ ਥਾਂ ਤੇ ਨਾ ਸਾਰਿਆਂ ਤੋਂ ਰੱਖਿਆ ਦੇ ਪ੍ਰਤੀਕ ਵਜੋਂ ਉਭਰਦੀ ਹੈ ਤਵੀਤਾਂ ਤੋਂ ਇਲਾਵਾ ਚਾਂਦੀ ਦੀ ਧਾਤ ਕਈ ਪ੍ਰਕਾਰ ਦੇ ਗ੍ਰਹਿਆਂ ਨੂੰ ਟਾਲਣ ਲਈ ਕੀਤੇ ਜਾਂਦੇ ਉਪਾਵਾਂ ਲਈ ਵਰਤੋਂ ਵਿੱਚ ਆਉਂਦੀ ਹੈ ਚਾਂਦੀ ਦੀ ਧਾਤ ਦੇ ਕਈ ਛੱਲੇ ਜਾਂ ਮੁੰਦਰੀਆਂ ਖਾਸ ਕਿਸਮ ਦੇ ਕੀਮਤੀ ਨਗ ਜੜਵਾ ਕੇ ਪਹਿਨੇ ਜਾਂਦੇ ਹਨ ਕ ਵਿਸ਼ਵਾਸ ਅਨੁਸਾਰ ਇਹ ਗ੍ਰਹਾਂ ਦੇ ਬੁਰੇ ਪ੍ਰਭਾਵਾਂ ਤੋਂ ਰੱਖਿਆ ਕਰਦੇ ਹਨ ਪੰਜਾਬੀ ਸੱਭਿਆਚਾਰ ਵਿੱਚ ਵਿਆਹ ਵਰਗੀ ਮਹੱਤਵਪੂਰਨ ਰਸਮ ਦੇ ਚਾਂਦੀ ਸ਼ੁਭ ਸ਼ਗਨਾ ਵਜੋਂ ਸਕਾਰ ਹੁੰਦੀ ਹੈ ਜਿਵੇਂ ਵਿਆਹ ਦਾ ਸਾਹਾ ਕਢਾਉਣ ਸਮੇਂ ਪਾਂਧੇ ਨੂੰ ਚਾਂਦੀ ਦਾ ਡਬਲ ਰੁਪਈਆ ਦਾਨ ਕਰਨਾ ਸ਼ੁਭ ਹੁੰਦਾ ਹੈ ਵਿਆਹ ਤੋਂ ਬਾਅਦ ਡੋਲੀ ਪਹੁੰਚਣ ਤੇ ਲਾੜੇ ਦੀ ਮਾਂ ਚਾਂਦੀ ਵਹੁਟੀ ਦੀ ਝੋਲੀ ਵਿੱਚ ਰੱਖ ਕੇ ਹੀ ਮੂੰਹ ਦੇਖਦੀ ਹੈ ਕੰਗਣੇ ਦੀ ਰਸਮ ਸਮੇਂ ਚਾਂਦੀ ਦੀ ਧਾਤ ਦੀ ਵਰਤੋਂ ਜਰੂਰੀ ਹੁੰਦੀ ਹੈ ਲੋਕ ਵਿਸ਼ਵਾਸਾਂ ਅਨੁਸਾਰ ਚਾਂਦੀ ਜਿੱਥੇ ਸ਼ੁਭ ਸ਼ਗਨਾ ਲਈ ਵਰਤੋਂ ਵਿੱਚ ਆਉਂਦੀ ਹੈ ਉੱਥੇ ਇਸ ਧਾਤ ਵਿੱਚ ਭਾਰੀ ਬਰਕਤ ਵੀ ਮੰਨੀ ਜਾਂਦੀ ਹੈ ਤੀਵੀਆਂ ਦੇ ਪੈਰਾਂ ਦੇ ਬਣੇ ਚਾਂਦੀ ਦੇ ਗਹਿਣੇ ਸਬੰਧੀ ਕੁਝ ਤੁਕਾਂ ਇਸ ਤਰਾਂ ਉਪਲਬਧ ਹਨ:

*"ਚਰਨ ਚੌਕ (ਚਾਂਦੀ) ਵਿੱਚ ਬਰਕਤ ਭਾਰੀ ਸਾਰਾ ਘਰ ਭਰਿਆ ਰਹੇ।"*[10]

ਮਨੁੱਖ ਦੇ ਰੋਜ਼ਾਨਾ ਜੀਵਨ ‘ਚ ਧਾਤਾਂ ਨਾਲ ਸੰਬੰਧਿਤ ਇਹਨਾਂ ਲੋਕ ਵਿਸ਼ਵਾਸਾਂ ਤੋਂ ਇਲਾਵਾ ਇੱਕ ਹੋਰ ਵਿਸ਼ਵਾਸ ਵੀ ਪ੍ਰਚਲਤ ਹੈ ਜਿਸ ਅਧੀਨ ਜਦੋਂ ਵੀ ਕੋਈ ਨਵਾਂ ਪਸ਼ੂ ਖਰੀਦ ਕੇ ਘਰ ਲਿਆਂਦਾ ਜਾਂਦਾ ਹੈ ਘਰ ਆਉਣ ਤੇ ਸਭ ਤੋਂ ਪਹਿਲਾਂ ਪਸ਼ੂ ਕਹਿ ਦੇ ਭਾਂਡੇ ਵਿੱਚ ਚਾਂਦੀ ਦੀ ਧਾਤ ਪਾ ਕੇ ਸੰਗਾਉਣੇ ਜਰੂਰੀ ਮੰਨੀ ਜਾਂਦੀ ਹੈ। ਇਹ ਅਸ਼ੁਭ ਸ਼ਗਨ ਹੁੰਦਾ ਹੈ ਇਸ ਤਰ੍ਹਾਂ ਚਾਂਦੀ ਦੀ ਧਾਤ ਸਿਰਫ ਮਨੁੱਖ ਲਈ ਹੀ ਸਾਰਥਕ ਤੇ ਉਪਯੋਗੀ ਲੋਕ ਵਿਸ਼ਵਾਸਾਂ ਦੇ ਅਧੀਨ ਹੀ ਕੰਮ ਨਹੀਂ ਆਉਂਦੀ ਸਗੋਂ ਪਸ਼ੂਆਂ ਨੂੰ ਖਰੀਦਣ ਅਤੇ ਵੇਚਣ ਸਬੰਧੀ ਵੀ ਮਹੱਤਵਪੂਰਨ ਧਾਤ ਸਮਝੀ ਜਾਂਦੀ ਹੈ। ਮਨੁੱਖ ਦੇ ਮਰਨ ਉਪਰੰਤ ਵੀ ਮੁਰਦੇ ਦੇ ਮੂੰਹ ਚਾਂਦੀ ਦੀ ਧਾਤ ਰੱਖੀ ਜਾਂਦੀ ਹੈ ਇਸ ਤਰ੍ਹਾਂ ਇਹ ਧਾਤ ਮਨੁੱਖ ਦੇ ਸਮੁੱਚੇ ਜੀਵਨ ਵਿੱਚ ਕਾਰਜਸ਼ੀਲ ਰਹਿੰਦੀ ਹੈ। ਸੋਨੇ ਅਤੇ ਚਾਂਦੀ ਤੋਂ ਇਲਾਵਾ ਤਾਂਬੇ ਦੀ ਧਾਤ ਵੀ ਪੰਜਾਬੀ ਲੋਕ ਵਿਸ਼ਵਾਸ ਵਿੱਚ ਇੱਕ ਮਹੱਤਵਪੂਰਨ ਰੋਲ ਅਦਾ ਕਰਦੀ ਹੈ। ਤਾਂਬਾ ਇੱਕ ਸੰਗਿਆ ਧਾਤ ਹੈ ਜਿਸ ਨੂੰ ਸੰਸਕ੍ਰਿਤ ਵਿੱਚ ਤਰਾਸਕ ਕਹਿੰਦੇ ਹਨ।

‘ਪਾਰਸ ਕੇ ਸੰਗ ਤਾਂਬਾ ਬਿਗਰਿਓ’ ਮੁਤਾਬਕ ਤਾਂਬਾ ਇੱਕ ਮਹੱਤਵਪੂਰਨ ਧਾਤ ਸਥਾਪਿਤ ਹੁੰਦੀ ਹੈ। ਤਾਂਬਾ ਜਿੱਥੇ ਜੀਵਨ ਦੀਆਂ ਨਿਤ ਵਰਤਨ ਦੀਆਂ ਲੋੜਾਂ ਦੀ ਪੂਰਤੀ ਕਰਦੀ ਹੈ, ਉੱਥੇ ਸੱਭਿਆਚਾਰ ਵਿੱਚ ਬਹੁਤ ਸਾਰੇ ਲੋਕ ਵਿਸ਼ਵਾਸ ਅਚੇਤ-ਸੁਚੇਤ ਹੀ ਇਸ ਧਾਤ ਨਾਲ ਜੁੜ ਗਏ ਹਨ। ਬੱਚੇ ਦੇ ਜਨਮ, ਬਿਮਾਰੀਆਂ, ਮੁਸੀਬਤਾਂ ਅਤੇ ਵਿਆਹ ਵਿਚ ਵੀ ਤਾਂਬੇ ਨਾਲ ਸੰਬੰਧਿਤ ਲੋਕ ਵਿਸ਼ਵਾਸ ਪ੍ਰਚਲਤ ਮਿਲਦੇ ਹਨ। ਬੱਚੇ ਦੇ ਜਨਮ ਸਮੇਂ ਪੁਰੋਹਿਤ ਘਰ ਚੋਂ ਸੂਤਕ ਕੱਢਣ ਲਈ ਕੀਤੇ ਜਾਂਦੇ ਹਵਨ ਵਿੱਚ ਘਿਓ, ਗੰਗਾ ਜਲ ਦੇ ਨਾਲ ਤਾਂਬੇ ਦਾ ਪੈਸਾ ਪਾਉਂਦਾ ਹੈ। ਜੇਕਰ ਪੁੱਤਰ ਦਾ ਜਨਮ ਹੋਇਆ ਹੋਵੇ ਤਾਂ ਕੋਈ ਔਰਤ ਗਲੀ ‘ਚ ਖਲੋ ਕੇ ਤਾਂਬੇ ਜਾਂ ਪਿੱਤਲ ਨਾਲ ਖੜਕਾ ਕਰਦੀ ਹੈ ਲੋਕ ਵਿਸ਼ਵਾਸ ਹੈ ਕਿ ਤਾਂਬੇ ਦਾ ਖੜਕਾ ਸੁਣ ਕੇ ਪ੍ਰੇਤ ਰੂਹਾਂ ਭੱਜ ਜਾਂਦੀਆਂ ਹਨ ਤੇ ਬੱਚਾ ਸੁਰੱਖਿਅਤ ਹੋ ਜਾਂਦਾ ਹੈ। ਬੱਚੇ ਨੂੰ ਗੁੜਤੀ ਦੇਣ ਸਮੇਂ ਤਾਂਬੇ ਜਾਂ ਕੇਹ ਦੇ ਥਾਲ

'ਚ ਗੰਗਾ ਜਲ ਜਾਂ ਅੰਮ੍ਰਿਤ ਪਾ ਕੇ ਮਿੱਠਾ ਬਣਾ ਕੇ ਬੱਚੇ ਨੂੰ ਗੁੜ੍ਹਤੀ ਦਿੱਤੀ ਜਾਂਦੀ ਹੈ ਇਹ ਇਕ ਸ਼ੁਭ ਸ਼ਗਨ ਵੀ ਹੁੰਦਾ ਹੈ। ਸਨਿਚਰਵਾਰ ਜਨਮ ਲੈਣ ਵਾਲਾ ਬੱਚਾ ਵਧੇਰੇ ਕਰਕੇ ਬਿਮਾਰ ਰਹਿੰਦਾ ਹੈ ਜੇਕਰ ਸ਼ਨੀਚਰ ਨੂੰ ਪੂਜਿਆ ਜਾਵੇ ਭਾਵ ਉਸਦੀ ਮੂਰਤੀ ਅੱਗੇ ਤੇਲ ਤੇ ਤਾਂਬੇ ਦਾ ਪੈਸਾ ਦਾਨ ਕੀਤਾ ਜਾਵੇ ਤਾਂ ਲੋਕ ਵਿਸ਼ਵਾਸ ਹੈ ਕਿ ਸ਼ਨੀ ਦੇ ਗ੍ਰਹਿ ਦਾ ਮੰਦ ਪ੍ਰਭਾਵ ਢਲ ਜਾਂਦਾ ਹੈ। ਸ਼ਨੀ ਦਾ ਗ੍ਰਹਿ ਲਾਹੁਣ ਲਈ ਮੰਗਤੇ ਦੀ ਤੇਲ ਵਾਲੀ ਬਾਟੀ 'ਚ ਤਾਂਬੇ ਦੇ ਪੈਸੇ ਪਾਉਣ ਦੇ ਨਾਲ ਵੀ ਸ਼ਨੀ ਗ੍ਰਹਿ ਦਾ ਪ੍ਰਕੋਪ ਢਲ ਜਾਂਦਾ ਹੈ। ਜੇਕਰ ਬੱਚਾ ਪਹਿਲਾਂ ਉੱਪਰਲੀ ਦੰਦੀ ਕੱਢੇ ਤਾਂ ਇਹ ਨਾਨਕਿਆਂ ਲਈ ਬਾਦਸ਼ਗਣੀ ਹੁੰਦੀ ਹੈ, ਅਜਿਹੀ ਬਦਸ਼ਗਨੀ ਤੋਂ ਬਚਣ ਲਈ ਬੱਚੇ ਦੇ ਨਾਨਕੇ ਆਪਣੀ ਲੜਕੀ ਦੇ ਸਹੁਰੇ ਜਾਂਦੇ ਹਨ, ਪਰ ਪਿੰਡ ਦੀ ਜੂਹ ਤੋਂ ਬਾਹਰਵਾਰ ਹੀ ਬੱਚੇ ਦੇ ਦੰਦਾਂ ਨੂੰ ਤਾਂਬੇ ਦੇ ਧੇਲੇ ਨਾਲ ਠਕੋਰ ਕੇ ਬਿਨਾਂ ਬੋਲੇ ਤੇ ਖਾਧੇ ਪੀਤੇ ਚਲੇ ਜਾਂਦੇ ਹਨ। ਲੋਕ ਵਿਸ਼ਵਾਸ ਹੈ ਇਸ ਤਰ੍ਹਾਂ ਕਰਨ ਨਾਲ ਸੰਭਾਵੀ ਖਤਰੇ ਤੋਂ ਬਚਿਆ ਜਾ ਸਕਦਾ। ਤਵੀਤਾਂ ਵਿੱਚ ਵੀ ਪਹਿਲਾਂ ਪਹਿਲ ਸੁਨਿਆਰੇ ਤਾਂਬੇ ਦੇ ਪੈਸੇ ਨੂੰ ਕੁੱਟ ਕੇ ਹੀ ਤਵੀਤ ਬਣਾ ਲੈਂਦੇ ਸਨ। ਔਰਤਾਂ ਸਤਰੰਗੇ ਧਾਗੇ ਨੂੰ ਪਾਠ ਕਰਕੇ ਉਸ ਵਿੱਚ ਤਵੀਤ ਪਰੋ ਕੇ ਬੱਚੇ ਦੀ ਸਿਹਤ ਲਈ ਜਾਂ ਬੱਚੇ ਨੂੰ ਡਰ ਤੋਂ ਬਚਾਉਣ ਲਈ ਪਹਿਨਾ ਦਿੰਦੀਆਂ ਸਨ। ਬਦ ਰੂਹਾਂ ਦੇ ਪਰਛਾਵੇਂ ਤੋਂ ਬਚਣ ਲਈ ਵੀ ਖਾਸ ਤਰ੍ਹਾਂ ਦੇ ਤਵੀਤਾਂ ਨੂੰ ਤਾਂਬੇ 'ਚ ਪਰੋ ਕੇ ਪਾਇਆ ਜਾਂਦਾ ਹੈ। ਬੱਚੇ ਨੂੰ ਨਜ਼ਰ ਤੋਂ ਬਚਾਉਣ ਲਈ ਬੱਚੇ ਦੇ ਗਲ ਵਿੱਚ ਨਜ਼ਰ ਵੱਟੂ ਤੇ ਤਾਂਬੇ ਦਾ ਤਾਵੀਤ ਵੀ ਪਹਿਨਾ ਦਿੱਤਾ ਜਾਂਦਾ ਹੈ। ਸੋਕੇ ਦੀ ਬਿਮਾਰੀ ਦੇ ਇਲਾਜ ਲਈ ਸਿਆਣੇ ਕੋਲੋਂ ਜੰਤਰ ਲਿਖਾ ਕੇ ਤਵੀਤ ਬਣਾ ਕੇ ਤਾਂਬੇ ਦੀ ਧਾਤ ਵਿੱਚ ਮੜਾ ਕੇ ਗਲ ਵਿੱਚ ਪਾਉਣ ਤੇ ਬਿਮਾਰੀ ਠੀਕ ਹੋ ਜਾਂਦੀ ਹੈ। ਇੱਕ ਲੋਕ ਵਿਸ਼ਵਾਸ ਅਨੁਸਾਰ ਜਦੋਂ ਕਿਸੇ ਵਿਅਕਤੀ ਦੇ ਕੋਈ ਜਖਮ ਹੋ ਜਾਵੇ ਤਾਂ ਉਹਨਾਂ ਦੇ ਲਾਲ ਧਾਗੇ ਵਿੱਚ ਜਾਂ ਤਾਂਬੇ ਦੀ ਲਾਲ ਧਾਤ ਵਿੱਚ ਕੌਡੀ ਪਰੋ ਕੇ ਗਲ ਵਿੱਚ ਪਾ ਦਿੱਤੀ ਜਾਂਦੀ ਹੈ ਲੋਕ ਵਿਸ਼ਵਾਸ ਹੈ ਕਿ ਲਾਲ ਧਾਗੇ ਜਾਂ ਧਾਤ ਅੱਗੇ ਬਦਰੂਹਾ ਨਹੀਂ ਆਉਂਦੀਆਂ ਤਾਂ ਪ੍ਰੇਤਾ ਤੋਂ ਰੱਖਿਆ ਲਈ ਤਾਂਬਾ ਵਿਸ਼ੇਸ਼ ਕੰਮ ਆਉਂਦਾ ਹੈ। ਹਿੰਦੂ ਧਰਮ ਵਿਚ ਪੁਜਾਰੀ ਆਪਣੇ ਠਾਕਰਾਂ ਦੀਆਂ ਮੂਰਤੀਆਂ ਨੂੰ ਕੱਚੀ ਲੱਸੀ ਵਿਚ ਇਸ਼ਨਾਨ ਕਰਾਉਣ ਲਈ ਖਾਸ ਤੌਰ ਤੇ ਤਾਂਬੇ ਦੀ ਧਾਤ ਦਾ ਇੱਕ ਭਾਂਡਾ ਤਿਆਰ ਕਰਵਾਉਂਦੇ ਹਨ।

ਯੁੱਧ ਵਿਚ ਜਿੱਤ ਪ੍ਰਾਪਤ ਕਰਨ ਲਈ ਸ਼ੇਰ ਦੇ ਨਹੁੰ ਨੂੰ ਤਾਂਬੇ ਦੀ ਡੱਬੀ ਵਿਚ ਪਾ ਕੇ ਕੋਲ ਰੱਖਿਆ ਜਾਂਦਾ ਹੈ। ਲੋਕ ਵਿਸ਼ਵਾਸਾਂ ਅਨੁਸਾਰ ਇਸ ਤਰ੍ਹਾਂ ਯੁੱਧ ਵਿਚ ਜਿੱਤ ਯਕੀਨੀ ਹੁੰਦੀ ਹੈ। ਇਸੇ ਤਰ੍ਹਾਂ ਪੰਜਾਬੀ ਸਭਿਆਚਾਰ ਵਿਚ ਇਕ ਹੋਰ ਧਾਰਨਾ ਪ੍ਰਚੱਲਤ ਹੈ ਕਿ ਜੇਕਰ ਪ੍ਰੇਮਿਕਾ ਨੂੰ ਆਪਣੇ ਵੱਲ ਖਿੱਚਣਾ ਹੋਵੇ ਤਾਂ ਉਲੂ ਦੇ ਨਹੁੰ ਨੂੰ ਤਾਂਬੇ ਦੀ ਧਾਤ ਵਿਚ ਮਿਲਾ ਕੇ ਪ੍ਰੇਮਿਕਾ ਵੱਸ ਕੀਤੀ ਜਾ ਸਕਦੀ ਹੈ।

ਤਾਂਬੇ ਦੀ ਧਾਤ ਨਾਲ ਸਬੰਧਤ ਕੁਝ ਲੋਕ ਵਿਸ਼ਵਾਸ ਵਿਆਹ ਦੀਆਂ ਰਸਮਾਂ ਵਿਚ ਵੀ ਆਪਣੀ ਹੋਂਦ ਨੂੰ ਸਥਾਪਿਤ ਰੱਖਦੇ ਹਨ। ਵਿਆਹ ਸਮੇ ਤਾਂਬੇ ਦੇ ਧੇਲੇ ਜਾਂ ਹੀ ਸ਼ੁਭ ਸ਼ਗਨਾਂ ਵਜੋਂ ਵਰਤੇ ਜਾਂਦੇ ਹਨ। ਲਾੜੇ ਉਪਰੋਂ ਤਾਂਬੇ ਦੇ ਸਿੱਕਿਆਂ ਦੀਆਂ ਛੋਟਾਂ ਕੀਤੀਆਂ ਜਾਂਦੀਆਂ ਰਹੀਆਂ ਹਨ। ਕੁਝ ਲੋਕ ਵਿਸ਼ਵਾਸ ਮਨੁੱਖ ਦੀ ਮੌਤ ਨਾਲ ਵੀ ਸਬੰਧਤ ਹਨ ਤੇ ਤਾਂਬੇ ਦੀ ਧਾਤ ਨਾਲ ਵੀ ਸਬੰਧਤ ਹਨ। ਮਨੁੱਖ ਦੀਆਂ ਅੰਤਿਮ ਰਸਮਾਂ ਸਮੇਂ ਕੀਤੀ ਜਾਣ ਵਾਲੀ ਇਹ ਰਸਮ ਵਿਚ ਚਾਰ ਪਿੰਨੇ ਬਣਾ ਕੇ ਇਕ ਥਾਲੀ ਵਿਚ ਰੱਖ ਕੇ ਘਿਉ, ਸੂਤ, ਚਾਰੇ ਪੈਸੇ ਜੋ ਤਾਂਬੇ ਦੀ ਧਾਤ ਦੇ ਬਣੇ ਹੋਣ ਰੱਖੇ ਜਾਂਦੇ ਹਨ। ਇਸ ਤੋਂ ਬਾਅਦ ਅਰਥੀ ਰੱਖਣ ਵਾਲੀ ਥਾਂ ਸਿੜ੍ਹੀ ਦੇ ਚਾਰੇ ਪਾਸੇ ਉਹਨਾਂ ਨਾਲ ਚਾਰ ਚਾਰ ਤਾਂਬੇ ਦੇ ਪੈਸੇ ਰੱਖੇ ਜਾਂਦੇ ਹਨ। ਇਸ ਤਰ੍ਹਾਂ ਤਾਂਬਾ ਵੀ ਮਨੁੱਖ ਦੀ ਸਮੁੱਚੀ ਜ਼ਿੰਦਗੀ ਵਿਚ ਕਿਸੇ ਨਾ ਕਿਸੇ ਰੂਪ ਵਿਚ ਕਾਰਜਸ਼ੀਲ ਹੁੰਦਾ ਅਨੇਕਾਂ ਵਿਸ਼ਵਾਸਾਂ ਦੀ ਸਿਰਜਣਾ ਕਰਦਾ ਹੈ। ਲੋਹੇ ਦਾ ਸੰਪਰਕ ਲਹੂ ਦੇ ਲਾਲ ਰਕਤਾਣੂਆਂ ਨੂੰ ਪ੍ਰਭਾਵਿਤ ਕਰਦਾ ਹੈ। ਇਹ ਵੈਦਿਕ ਮੱਤ ਹਨ ਕਿ ਲਹੂ ਵੀ ਲੋਹੇ ਦੇ ਯੋਗਿਕ ਨੂੰ ਪ੍ਰਭਾਵਿਤ ਕਰਦਾ ਹੈ, ਇਸ ਲਈ ਇਸ ਨਾਲ ਸਰੀਰ ਦੇ ਅਰੋਗ ਰਹਿਣ ਬਾਰੇ ਵਿਸ਼ਵਾਸ ਕੁਦਰਤੀ ਹੈ। ਜਿੱਥੇ ਇਹ ਧਾਤ ਸਰੀਰ ਦੀ ਅਰੋਗਤਾ ਲਈ ਲਾਭਦਾਇਕ ਹੈ ਉਥੇ ਇਸ ਦੀ ਵਰਤੋਂ ਤੇ ਇਸ ਤੇ ਹੋਂਦ ਵਿਚ ਆਉਣ ਨਾਲ ਬਹੁਤ ਸਾਰੇ ਲੋਕ ਵਿਸ਼ਵਾਸ ਜੁੜ ਜਾਂਦੇ ਹਨ।

ਲੋਹੇ ਦੀ ਧਾਤ ਹੋਂਦ ਵਿਚ ਆਉਣ ਤੇ ਵੀ ਇਹ ਕਥਾ ਪ੍ਰਚੱਲਤ ਰਹੀ ਹੈ ਕਿ ਪਹਿਲਾਂ ਰਾਤ ਨਹੀਂ ਸੀ ਪੈਂਦੀ। ਬ੍ਰਹਮਾ ਨੇ ਇਕ ਪੰਛੀ ਦੇ ਕਾਲੇ ਪੰਖ ਤੋੜ ਕੇ ਵਾਯੂਮੰਡਲ ਵਿਚ ਸੁਟੇ ਤਾਂ ਰਾਤ ਚਹੁੰ ਕੂਟਾ ਵਿਚ ਫੈਲ ਗਈ। ਦਿਨ ਦੇਵਤੇ ਤੋ ਰਾਤ ਰਾਖਸ਼ਾ ਲਈ ਬਣ ਗਈ ਤੇ ਰਾਖਸ਼ ਰਾਤ ਦੇ ਹਨੇਰੇ ਵਿਚ ਵਿਚਰਦੇ ਅਤੇ ਮਨੁੱਖ ਤੇ ਹੋਰ ਜੀਵਾਂ ਨੂੰ ਤੰਗ ਕਰਦੇ। ਇਹਨਾਂ ਦਾ ਮੁਕਾਬਲਾ ਕਰਨ ਲਈ ਲੋਹੇ ਦੀ ਧਾਤ ਹੋਂਦ ਵਿਚ ਆਈ। ਇਸ ਤਰ੍ਹਾਂ ਪੱਥਰ ਯੁੱਗ ਦੀ ਸਮਾਪਤੀ ਹੋਈ ਤੇ ਲੋਹੇ ਦਾ ਯੁੱਗ ਸ਼ੁਰੂ ਹੋ ਗਿਆ। ਪੱਥਰ ਯੁੱਗ ਦੇ ਆਦਿਮ ਲੋਕ ਲੋਹੇ ਨੂੰ ਨਵੇਂ ਯੁੱਗ ਦੀ ਖੋਜ ਸਮਝ ਕੇ ਇਸ ਨੂੰ ਸੰਦੇਹ ਨਾਲ ਦੇਖਦੇ ਸਨ, ਕਿਉਂ ਜੋ ਹਰ ਨਵੀਂ ਵਸਤੂ ਪਹਿਲਾਂ ਆਦਿਮ ਮਨੁੱਖ ਵਿਚ ਡਰ ਪੈਦਾ ਕਰਦੀ ਰਹੀ ਹੈ। ਪੱਥਰ ਯੁੱਗ ਦੇ ਲੋਕਾਂ ਵਿਚ ਲੋਹੇ ਪ੍ਰਤੀ ਡਰ ਤੇ ਘਿਰਣਾ ਦੀ ਭਾਵਨਾ ਪੈਦਾ ਹੋ ਗਈ, ਜਿਸ ਵਿਅਕਤੀ ਕੋਲ ਇਹ ਧਾਤ ਹੁੰਦੀ ਲੋਕ ਉਸਦੇ ਨੇੜੇ ਨਹੀਂ ਜਾਂਦੇ ਸਨ।

ਇੰਝ ਲੋਹਾ ਸੁਰੱਖਿਅਤ ਤੇ ਮਜ਼ਬੂਤ ਧਾਤ ਹੋਣ ਸਦਕਾ ਅਨੇਕਾਂ ਲੋਕ ਵਿਸ਼ਵਾਸ ਇਸ ਧਾਤ ਨਾਲ ਜੁੜ ਗਏ।

ਪੁਰਾਣੇ ਸਮਿਆਂ ਵਿਚ ਅਗਨੀ ਪ੍ਰੀਖਿਆ ਜਾਂ ਸੱਚ ਦੇ ਨਿਸਤਾਰੇ ਲਈ ਅਪਰਾਧੀ ਨੂੰ ਤੱਤਾ ਲੋਹਾ ਚੱਟਣ ਲਈ ਕਿਹਾ ਜਾਂਦਾ। ਧਾਰਨਾ ਹੈ ਦੇਵੀ ਦੇਵਤੇ ਸੱਚ ਦੀ ਰੱਖਿਆ ਕਰਦੇ ਹਨ। ਜੇ ਕੋਈ ਨਿਰਦੋਸ਼ ਤੇ ਸੱਚਾ ਵਿਅਕਤੀ ਆਪਣੇ ਸੱਚ ਦੀ ਪ੍ਰੀਖਿਆ ਵਜੋਂ ਤੱਤੇ ਲੋਹੇ ਨੂੰ ਚੱਟਦਾ ਦਾ ਹੈ ਤਾਂ ਉਸ ਨੂੰ ਕੋਈ ਨੁਕਸਾਨ ਨਹੀਂ ਹੁੰਦਾ। ਲੋਕ ਗਾਥਾਵਾਂ ਵਿਚ ਵੀ ਨਾਇਕ/ਨਾਇਕਾਵਾਂ ਸੱਚ ਦੀ ਪ੍ਰੀਖਿਆ ਲਈ ਤੱਤਾ ਲੋਹਾ ਚੱਟਦੇ ਹਨ। ਲੋਹੇ ਨੂੰ ਗਰਮ ਕਰਕੇ ਸਰੀਰ ਦੇ ਕਿਸੇ ਅੰਗ ਉਤੇ ਧਾਰਮਿਕ ਧਾਰਨਾਵਾਂ ਅਧੀਨ ਸੰਖ, ਚੱਕਰ, ਗਦ ਆਦਿ ਉਲੀਕਣਾ ਸ਼ੁੱਭ ਪਰੰਪਰਾ ਵੀ ਰਹੀ ਹੈ।

ਲੋਹਾ ਸੁਰੱਖਿਅਤਾ ਦਾ ਧਾਰਨੀ ਤੇ ਰੱਖ ਦਾ ਪ੍ਰਤੀਕ ਹੈ। ਇਸੇ ਧਾਰਨਾ ਅਧੀਨ ਗਰਭ ਦੇ ਦਿਨਾਂ ਤੋਂ ਹੀ ਔਰਤ ਆਪਣੀ ਸੁਰੱਖਿਅਤਾ ਲਈ ਲੋਹੇ ਦੀ ਧਾਤ ਨੂੰ ਅੰਗ ਸੰਗ ਰੱਖਦੀ ਹੈ। ਜਦੋਂ ਬੱਚਾ ਜਨਮ ਲੈਂਦਾ ਹੈ ਤਾਂ ਕਮਰੇ ਵਿਚ 13 ਦਿਨ ਰਾਤ ਨੂੰ ਹਨੇਰਾ ਨਹੀਂ ਹੋਣ ਦਿੱਤਾ ਜਾਂਦਾ। ਜੇਕਰ ਅਚਾਨਕ ਬੱਤੀ ਬੁਝ ਜਾਵੇ ਤਾਂ ਇਸ ਨੂੰ ਭੂਤਾਂ ਪ੍ਰੇਤਾਂ ਦਾ ਕੰਮ ਸਮਝਿਆ ਜਾਂਦਾ ਹੈ। ਇਸ ਤੋਂ ਬਚਾਅ ਲਈ ਲੋਹੇ ਦੀ ਧਾਤ ਖਾਸ ਤੌਰ ਤੇ ਨਵਜਨਮੇ ਬੱਚੇ ਦੇ ਕੋਲ ਰੱਖੀ ਜਾਂਦੀ ਹੈ। ਪੰਜਾਬੀ ਮਾਨਸਿਕਤਾ ਅਨੁਸਾਰ ਛੋਟੇ ਬੱਚੇ ਤੇ ਬਦਰੂਹਾਂ ਛੇਤੀ ਅਸਰ ਕਰਦੀਆਂ ਹਨ ਪਰ ਇਸ ਤਰ੍ਹਾਂ ਲੋਹੇ ਦੀ ਧਾਤ ਬਦਰੂਹਾਂ ਤੋਂ ਬੱਚੇ ਦੀ ਰੱਖਿਆ ਲਈ ਸਹਾਈ ਹੁੰਦੀ ਹੈ।

ਕਹਿੰਦੇ ਹਨ ਸ਼ਿਲੇ ਦੀ ਹਰ ਚੀਜ਼ ਨੂੰ ਬਿੱਜ ਪੈਂਦੀ ਹੈ, ਇਸ ਲਈ ਸ਼ਿਲੇ ਨਾਲ ਸਬੰਧਤ ਹਰ ਚੀਜ਼ ਇੱਥੋਂ ਤਕ ਪੰਜੀਰੀ ਵਿਚ ਵੀ ਲੋਹਾ ਰੱਖਿਆ ਜਾਂਦਾ ਹੈ। ਬੱਚੇ ਨੂੰ ਬੁਰੀ ਨਜ਼ਰ ਦੇ ਪ੍ਰਭਾਵ ਤੋਂ ਬਚਾਉਣ ਲਈ ਲੋਹੇ ਦੀ ਧਾਤ ਦੀ ਵਰਤੋਂ ਖਾਸ ਤੌਰ ਤੇ ਕੀਤੀ ਜਾਂਦੀ ਹੈ। ਲੋਹੇ ਤੋਂ ਕਈ ਹਥਿਆਰ ਬਣਦੇ ਹਨ ਤੇ ਸੁਰੱਖਿਆ ਦੇ ਧਾਰਨੀ ਹੁੰਦੇ ਹਨ। ਨਜ਼ਰ ਨੂੰ ਲੋਹਾ ਇਸ ਕਰਕੇ ਰੋਕਦਾ ਹੈ ਕਿਉਂਕਿ ਇਸ ਧਾਤ ਦਾ ਰੰਗ ਕਾਲਾ ਹੁੰਦਾ ਹੈ ਤੇ ਕਾਲੇ ਰੰਗ ਤੋਂ ਵੀ ਬਦਰੂਹਾਂ ਡਰਦੀਆਂ ਹਨ ਤੇ ਕੋਲ ਨਹੀਂ ਆਉਂਦੀਆਂ। ਬੱਚੇ ਦੀ ਨਜ਼ਰ ਉਤਾਰਨ ਲਈ ਕਈ ਸਵਾਣੀਆਂ ਪਰਾਤ ਵਿੱਚ ਲੋਹੇ ਦਾ ਚਿਮਟਾ ਜਿਹਾ ਖੁਰਪਾ ਦੀ ਰੱਖ ਕੇ ਧੋ ਕੇ ਉਸੇ ਬੱਚੇ ਦਾ ਮੂੰਹ ਧੋਦੀਆਂ ਹਨ, ਵਿਸ਼ਵਾਸ ਹੈ ਕਿ ਇਸ ਤਰ੍ਹਾਂ ਕਰਨ ਨਾਲ ਬੱਚੇ ਦੀ ਨਜ਼ਰ ਲੱਥ ਜਾਂਦੀ ਹੈ। ਬੱਚੇ ਐਤਵਾਰ ਜਾਂ ਮੰਗਲਵਾਰ ਸਿਰ ਨਹਾ ਕੇ ਸਿਵਿਆਂ ਵਿੱਚੋਂ ਦੀ ਲੰਘਣ ਤਾਂ ਉਹਨਾਂ ਦੇ ਹੱਥ 'ਚ ਲੋਹੇ ਦੀ ਧਾਤ ਫੜਾਏ ਜਾਂਦੀ ਹੈ, ਤਾਂ ਜੋ ਭੂਤ ਪ੍ਰੇਤ ਦੇ ਬਦਰੂਹਾਂ ਕੋਈ ਨੁਕਸਾਨ ਨਾ ਪਹੁੰਚਾਉਣ। ਇਸੇ ਧਾਰਨਾ ਅਧੀਨ ਸਿੱਖ ਧਰਮ ਦੇ ਬੱਚੇ ਹੱਥਾਂ ਵਿਚ ਲੋਹੇ ਦੇ ਕੜੇ ਪਾ ਕੇ ਰੱਖਦੇ ਹਨ। ਕਈ ਵਾਰ ਕਿਸੇ ਸਿਆਣੇ ਤੋਂ ਫਾਂਡਾ ਜਾਂ ਝਾੜਾ ਕਰਾਉਣਾ ਹੋਵੇ ਤਾਂ ਉਹ ਵੀ ਲੋਹੇ ਦੀ ਧਾਤ ਨਾਲ ਹੀ ਝਾੜਾ ਕਰਦਾ ਹੈ। ਕਈ ਸਿਆਣੇ ਜਦੋਂ ਸਾਏ ਵਾਲੇ ਸ਼ਖਸ ਦੇ ਸਰੀਰ ਵਿੱਚੋਂ ਪ੍ਰੇਤ ਕੱਢਦੇ ਹਨ ਤਾਂ ਜ਼ਮੀਨ ਉਤੇ ਲੋਹੇ ਦੀ ਸੋਟੀ ਨਾਲ ਲਕੀਰ ਮਾਰ ਕੇ ਦਾਇਰਾ ਜਿਹਾ ਬਣਾ ਲੈਂਦੇ ਹਨ ਜਿਸ ਦੀ ਜਾਦੂ ਟੂਣੇ ਵਿੱਚ ਰਹੱਸਮਈ ਮਹੱਤਤਾ ਹੈ। ਵਿਸ਼ਵਾਸ ਹੈ ਕਿ ਇਸ ਤਰ੍ਹਾਂ ਪ੍ਰੇਤ ਲੋਹੇ ਤੋ ਡਰਦੇ ਨੇੜੇ ਨਹੀਂ ਆਉਂਦੇ। ਲੋਹਾ ਮਜਬੂਤ ਤੇ ਪਰੇਤਾ ਦੀ ਵਿਰੋਧੀ ਧਾਤ ਵਜੋਂ ਸਥਾਪਿਤ ਹੁੰਦਾ ਹੈ। ਵਿਸ਼ਵਕਰਮਾਂ ਵਾਲੇ ਦਿਨ ਸਾਰੇ ਸ਼ਿਲਪਕਾਰ ਆਪਣੇ ਸੰਦ ਤੇ ਔਜਾਰਾਂ ਨੂੰ ਧੋ ਕੇ ਤੇਲ ਲਗਾ ਕੇ ਪੂਜਾ ਕਰਦੇ ਹਨ ਤੇ ਕੰਮ ਨਹੀਂ ਕਰਦੇ। ਲੋਕ ਵਿਸ਼ਵਾਸ ਹੈ ਕਿ ਇਸ ਦਿਨ ਲੋਹੇ ਦੀ ਧਾਤ ਦੀ ਵਰਤੋਂ ਨਹੀਂ ਕੀਤੀ ਜਾਂਦੀ। ਇਸੇ ਤਰਾਂ ਲੋਹੇ ਦੇ ਬਣੇ ਸੰਦ ਹੱਲ ਨੂੰ ਕਿਸਾਨ ਕੱਤਕ ਦੇ ਮਹੀਨੇ ਵਿੱਚ ਚਲਾਉਣਾ ਅਸ਼ੁਭ ਮੰਨਦੇ ਹਨ। ਕਈ ਕਿਸਾਨ ਮੱਸਿਆ ਵਾਲੇ ਦਿਨ ਇਸ ਧਾਤ ਦੀ ਵਰਤੋਂ ਨਹੀਂ ਕਰਦੇ। ਵਿਸ਼ਵਾਸ ਹੈ ਕਿ ਇਸ ਦਿਨ ਇਸ ਦੀ ਵਰਤੋਂ ਕਰਨਾ ਅਸ਼ੁਭ ਹੈ। ਦੁਕਾਨਦਾਰ ਦੁਕਾਨ ਤੇ ਆਉਣ ਤੋਂ ਬਾਅਦ ਸਭ ਤੋਂ ਪਹਿਲਾਂ ਲੋਹੇ ਦੇ ਵੱਟਿਆਂ ਦੀ ਪੂਜਾ ਕਰਦਾ ਹੈ ਵਿਸ਼ਵਾਸ ਹੈ ਕਿ ਦਿਨ ਦੀ ਸ਼ੁਭ ਸ਼ੁਰੂਆਤ ਹੁੰਦੀ ਹੈ। ਮੰਗਲਵਾਰ ਤੇ ਸ਼ਨੀਵਾਰ ਲੋਹਾ ਖਰੀਦਣਾ ਅਸ਼ੁਭ ਮੰਨਿਆ ਜਾਂਦਾ ਹੈ ਜੇਕਰ ਅਚਾਨਕ ਇਹਨਾਂ ਦਿਨਾਂ ਵਿੱਚ ਇਹ ਧਾਤ ਲੱਭ ਜਾਵੇ ਤਾਂ ਵੀ ਨਹੀਂ ਚੁੱਕੀ ਜਾਂਦੀ। ਕਹਿੰਦੇ ਹਨ ਸ਼ਨੀ ਅਤੇ ਲੋਹੇ ਦਾ ਆਪਸ ਵਿੱਚ ਡੂੰਘਾ ਵੈਰ ਹੈ। ਜੇਕਰ ਇਹਨਾਂ ਦਿਨਾਂ 'ਚ ਧਾਤ ਘਰ ਆਵੇ ਤਾਂ ਸ਼ਨੀ ਜਾਂ ਮੰਗਲ ਗ੍ਰਹਿ ਘਰ ਦੇ ਕਾਰੋਬਾਰ ਤੇ ਬੁਰਾ ਪ੍ਰਭਾਵ ਪਾਉਂਦੇ ਹਨ। ਇਸ ਤਰ੍ਹਾਂ ਉਸਤਰਰਾ ਜੋ ਕਿ ਲੋਹੇ ਦੀ ਧਾਤ ਦਾ ਬਣਿਆ ਇੱਕ ਸੰਦ ਹੈ, ਬਾਰੇ ਵਿਸ਼ਵਾਸ ਹੈ ਕਿ ਨੱਕ ਨੂੰ ਲਗਾਉਣਾ ਮਾੜਾ ਹੁੰਦਾ ਹੈ। ਜੇਕਰ ਕਿਸੇ ਦੇ ਨੱਕ ਨੂੰ ਉਸਤਰਾ ਲੱਗ ਜਾਵੇ ਤਾਂ ਲੋਕ ਵਿਸ਼ਵਾਸ ਹੈ ਕਿ ਉਹ ਸ਼ਖਸ ਅਪਮਾਨਤ ਹੋਣ ਵਾਲਾ ਹੈ। ਜੇਕਰ ਇਹੀ ਉਸਤਰਾ ਐਤਵਾਰ ਵਾਲੇ ਦਿਨ ਸਿਰ ਨੂੰ ਲੱਗ ਜਾਵੇ ਤਾਂ ਲੋਕ ਨਿਸ਼ਚਾ ਹੈ ਕਿ ਮਨੁੱਖ ਦੀ ਉਮਰ ਏਕ ਮਹੀਨਾ ਘੱਟ ਜਾਂਦੀ ਹੈ। 'ਲੋਹਾ ਖੜਕਾਉਣਾ' ਅਸ਼ੁਭ ਵੀ ਮੰਨਿਆ ਗਿਆ ਹੈ। ਇਹ ਮੰਨਿਆ ਜਾਂਦਾ ਹੈ ਕਿ ਲੋਹਾ ਖੜਕਾਉਣਾ ਯੁੱਧ ਦਾ ਪ੍ਰਤੀਕ ਹੈ। ਜਿਸ ਘਰ ਵਿੱਚ ਲੋਹੇ ਦੇ ਭਾਂਡੇ ਜਾਂ ਕੋਈ ਹੋਰ ਚੀਜ਼ ਖੜਕਾਈ ਜਾਵੇ ਤਾਂ ਲੋਕ ਵਿਸ਼ਵਾਸ ਹੈ ਕਿ ਉਸ ਘਰ ਵਿੱਚ ਹਮੇਸ਼ਾ ਲੜਾਈ ਹੁੰਦੀ ਰਹਿੰਦੀ ਹੈ। ਇਸੇ ਵਿਸ਼ਵਾਸ ਅਧੀਨ ਘਰ ਵਿੱਚ ਲੋਹੇ ਦੀ ਕੈਂਚੀ ਖੜਕਾਉਣੀ ਜਾਂ ਚਾਬੀਆਂ ਖੜਕਾਉਣੀਆਂ ਮਨਾ ਕਰ ਦਿੱਤੀਆਂ ਜਾਂਦੀਆਂ ਹਨ।

ਸਾਹੇ ਵਿੱਚ ਬੱਝੀ ਕੁੜੀ, ਮੁੰਡੇ ਸਾਹੇ ਦੇ ਦਿਨਾਂ ਵਿੱਚ ਲੋਹੇ ਦੀ ਧਾਤ ਨੂੰ ਆਪਣੇ ਕੋਲ ਜਰੂਰ ਰੱਖਦੇ ਹਨ। ਲਾੜਾ ਵਿਆਹ ਸਮੇਂ ਹੱਥ 'ਚ ਲੋਹੇ ਦੀ ਕਿਰਪਾਨ ਫੜਦਾ ਹੈ। ਲਾੜੇ ਨੂੰ ਨਜ਼ਰ ਤੋਂ ਬਚਾਉਣ ਲਈ ਉਸਦੀ ਜੇਬ ਵਿੱਚ ਲੋਹੇ ਦੀਆਂ ਮੇਖਾਂ ਵੀ ਪਾ ਦਿੱਤੀਆਂ ਜਾਂਦੀਆਂ ਹਨ। ਕਿਉਂਕਿ ਵਿਆਹ ਵਾਲੇ ਦਿਨ ਲਾੜਾ ਬਹੁਤ ਸੱਜਿਆ ਹੁੰਦਾ ਹੈ ਤੇ ਇਸ ਨੂੰ ਨਜ਼ਰ ਲੱਗਣ ਤੇ ਬਦਰੂਹਾਂ ਦਾ ਡਰ ਹੁੰਦਾ ਹੈ। ਲੋਕ ਵਿਸ਼ਵਾਸ ਅਨੁਸਾਰ ਲੋਹਾ ਉਸ ਦੀ ਸੁਰੱਖਿਅਤਾ ਕਰਦਾ ਹੈ। ਨਵਾਂ ਮਕਾਨ ਬਣਾਉਣ ਵੇਲੇ ਨੀਹ ਵਿੱਚ ਮਾਂਹ, ਚੌਲ ਅਤੇ ਲੋਹੇ ਦੀ ਧਾਤ ਰੱਖੀ ਜਾਂਦੀ ਹੈ। ਬੂਹੇ ਦੀਆਂ ਚੁਗਾਠਾਂ ਦੀ ਉੱਪਰਲੀ ਲੱਕੜ 'ਚ ਘੋੜੇ ਦੀ ਨਾਲ ਜਾ ਕਿੱਲ ਪੱਕੀ ਤਰਾਂ ਠੋਕ ਦਿੱਤੇ ਜਾਂਦੇ ਹਨ। ਵਿਸ਼ਵਾਸ ਹੈ ਕਿ ਲੋਹਾ ਭੂਤਾ ਪ੍ਰੇਤਾ ਤੇ ਹੋਰ ਬਦਰੂਹਾਂ ਨੂੰ ਅੰਦਰ ਆਉਣ ਤੇ ਕਿਸੇ ਤਰ੍ਹਾਂ ਦੇ ਮਾੜੇ ਅਸਰ ਕਰਨ ਤੋਂ ਰੋਕਣ ਵਿੱਚ ਸਹਾਈ ਹੁੰਦਾ ਹੈ। ਹਿੰਦੂ ਧਰਮ ਦੇ ਲੋਕ ਲੋਹੇ ਦੇ ਭਾਂਡੇ ਨੂੰ ਅਪਵਿੱਤਰ ਮੰਨਦੇ ਹਨ ਪਰ ਸਿੱਖ ਧਰਮ ਅਨੁਸਾਰ ਲੋਹੇ ਦਾ ਭਾਂਡਾ ਹੀ ਸਭ ਤੋਂ ਪਵਿੱਤਰ ਹੈ। ਗੁਰੂ ਗੋਬਿੰਦ ਸਿੰਘ ਨੇ ਲੋਹੇ ਦੇ ਬਾਟੇ ਵਿੱਚ ਖੰਡੇ ਦਾ ਅੰਮ੍ਰਿਤ ਬਣਾਇਆ ਤੇ ਸਿੱਖਾਂ ਨੂੰ ਲੋਹੇ ਦੇ ਕੜੇ ਪਾਉਣ ਦੇ ਆਦੇਸ਼ ਦਿੱਤੇ ਹਨ। ਹੁਣ ਵੀ ਸਿੱਖਾਂ ਨੂੰ ਅੰਮ੍ਰਿਤ ਲੋਹੇ ਦੇ ਬਾਟੇ ਵਿੱਚ ਹੀ ਛਕਾਇਆ ਜਾਂਦਾ ਹੈ।

ਪੰਜਾਬੀ ਸੱਭਿਆਚਾਰ ਵਿੱਚ ਜਿੱਥੇ ਲੋਹੇ ਦੀ ਧਾਤ ਜਨਮ ਵਿਆਹ ਤੇ ਜੀਵਨ ਦੇ ਹੋਰ ਕੰਮਾਂ, ਰਸਮਾਂ ਦੇ ਵਿੱਚ ਵਧੇਰੇ ਮਾਤਰਾ 'ਚ ਵਰਤੋ 'ਚ ਆਉਂਦੀ ਹੈ ਉੱਥੇ ਜੀਵਨ ਦਾ ਆਖਰੀ ਰਸਮ ਮੌਤ ਸਮੇਂ ਵੀ ਇਹ ਧਾਤ ਸੁਰੱਖਿਆ ਦੀ ਧਾਰਨੀ ਬਣਦੀ ਹੋਈ ਕਈ ਲੋਕ ਵਿਸ਼ਵਾਸਾਂ ਦੀ ਸਿਰਜਨਾ ਕਰਦੀ ਹੈ ਸ਼ਿਲੇ ਵਾਲੀ ਔਰਤ ਦੀ ਮੌਤ ਸਮੇਂ ਅਰਥੀ ਚੁੱਕਣ ਤੋਂ ਪਹਿਲਾਂ ਘਰ ਦੇ ਚਾਰੇ ਖੂੰਜਾਂ 'ਚ ਲੋਹੇ ਦੇ ਕਿਲ ਗੱਡੇ ਜਾਂਦੇ ਹਨ ਇਸ ਨੂੰ ਘਰ ਕੀਲਣਾ ਆਖਦੇ ਹਨ ਵਿਸ਼ਵਾਸ ਕੀਤਾ ਜਾਂਦਾ ਹੈ ਕਿ ਅਜਿਹੀ ਔਰਤ ਦਾ ਧਿਆਨ ਬਾਰ-ਬਾਰ ਆਪਣੇ ਘਰ ਦੇ ਬੱਚੇ ਵਿੱਚ ਆਵੇਗਾ, ਕਿਉਂ ਜੋ ਅਜਿਹੀ ਔਰਤ ਪ੍ਰੇਤ ਬਣ ਜਾਂਦੀ ਹੈ। ਅਜਿਹੀਆਂ ਬਦਰੂਹਾਂ ਤੋਂ ਰੱਖਿਆ ਲਈ ਹੀ ਘਰ ਦਾ ਕੀਲਣਾ ਜਰੂਰੀ ਹੁੰਦਾ ਹੈ ਤੇ ਬਦਰੂਹਾਂ ਲੋਹੇ ਦੀ ਧਾਤ ਤੋਂ ਡਰਦੀਆਂ ਹਨ ਤੇ ਕੋਈ ਨੁਕਸਾਨ ਨਹੀਂ ਕਰਦੀਆਂ। ਮ੍ਰਿਤਕ ਔਰਤ ਦੇ ਪੈਰਾਂ ਉੱਤੇ ਵੀ ਮੇਖਾਂ ਠੋਕ ਦਿੱਤੀਆਂ ਜਾਂਦੀਆਂ ਸਨ ਲੋਕ ਵਿਸ਼ਵਾਸ ਹੈ ਕਿ ਇਸ ਤਰ੍ਹਾਂ ਉਸਦਾ ਪ੍ਰੇਤ ਤੰਗ ਨਹੀਂ ਕਰਦਾ। ਲੋਹਾ ਇੱਕ ਮਜਬੂਤ ਧਾਤ ਹੋਣ ਸਦਕਾ ਜੀਵਨ ਦੀਆਂ ਰੋਜ਼ਾਨਾ ਲੋੜਾਂ ਦੀ ਪੂਰਤੀ ਕਰਨ ਦੇ ਨਾਲ ਨਾਲ ਅਨੇਕਾਂ ਲੋਕ ਵਿਸ਼ਵਾਸਾਂ ਦੇ ਧਾਰਨੀ ਬਣ ਗਈ ਲੋਹਾ ਰੱਖਿਆ ਦਾ ਪ੍ਰਤੀਕ ਤੇ ਸੁਰੱਖਿਆ ਦਾ ਧਾਰਨੀ ਬਣ ਕੇ ਹੋਂਦ ਸਥਾਪਿਤ ਕਰਦਾ ਹੈ। ਇਹਨਾਂ ਤੋਂ ਇਲਾਵਾ ਜੋ ਹੋਰ ਧਾਤਾਂ ਮਿਲਦੀਆਂ ਹਨ ਉਹ ਰੋਜ਼ਾਨਾ ਜੀਵਨ ਵਿੱਚ ਘੱਟ ਮਾਤਰਾ 'ਚ ਵਰਤੀਆਂ ਜਾਂਦੀਆਂ ਹਨ। ਇਹਨਾਂ ਦੀ ਬਹੁਤੀ ਵਰਤੋਂ ਨਾ ਹੋਣ ਕਾਰਨ ਇਸ ਧਾਤ ਨਾਲ ਪ੍ਰਚਲਤ ਬਹੁਤੇ ਲੋਕ ਵਿਸ਼ਵਾਸ ਵੀ ਨਹੀਂ ਮਿਲਦੇ। ਇਸ ਲਈ ਇੱਥੇ ਸਿਰਫ ਧਾਤਾਂ ਨਾਲ ਸੰਬੰਧਿਤ ਜਾਣਕਾਰੀ ਦਿੱਤੀ ਜਾ ਸਕਦੀ ਹੈ। 'ਸਿੱਕਾ' ਜਿਸਨੂੰ ਸੰਸਕ੍ਰਿਤ ਵਿੱਚ ਸੀਸਕ ਕਹਿੰਦੇ ਹਨ, ਗੋਲਾ, ਗੋਲੀ, ਛਰਗ ਆਦਿ ਬਣਾਉਣ ਲਈ ਬਹੁਤ ਵਰਤਿਆ ਜਾਂਦਾ ਹੈ। ਸਮੇਂ-ਸਮੇਂ 'ਤੇ ਸ਼ਾਹੀ ਤੇ ਰਾਜ ਘਰਾਣਿਆਂ ਵੱਲੋਂ ਆਪਣੇ ਆਪਣੇ ਰਾਜ ਸਮੇਂ ਵੱਖ ਪ੍ਰਕਾਰ ਦੇ ਸਿੱਕੇ ਚਲਾਏ ਜਾਂਦੇ ਰਹੇ ਹਨ। ਪੰਜਾਬੀ ਸੱਭਿਆਚਾਰ 'ਚ ਸਿੱਕੇ ਦੀ ਧਾਤ ਨਾਲ ਸੰਬੰਧਿਤ ਵਿਸ਼ਵਾਸ ਜੁੜਿਆ ਹੈ ਕਿ ਜੇਕਰ ਕੋਈ ਮਨੁੱਖ ਤਿੰਨ ਵਾਰ ਸਿੱਕਾ ਉਤਾਂਹ ਸੁੱਟਦਾ ਹੈ ਤੇ ਤਿੰਨੇ ਵਾਰ ਸਿਰ ਵਾਲਾ ਪਾਸਾ ਉੱਪਰ ਆਵੇ ਤਾਂ ਕੰਮ ਵਿੱਚ ਸਫਲਤਾ ਪ੍ਰਾਪਤ ਕਰਦਾ ਹੈ ਤੇ ਜੇਕਰ ਦੂਸਰਾ ਪਾਸਾ ਉੱਪਰ ਆਵੇ ਤਾਂ ਅਸਫਲ ਹੋ ਜਾਂਦਾ ਹੈ। ਸੋ ਸਿੱਕਾ ਸ਼ੁਭ ਮਹੂਰਤ ਲਈ ਵਰਤੋਂ ਵਿੱਚ ਆਉਂਦਾ ਹੈ। ਕਲੀ ਕਲਾ ਨਾਮਕ ਖਾਣ ਤੋਂ ਨਿਕਲੀ ਹੋਈ ਧਾਤ ਹੈ ਤੇ ਬਹੁਤ ਘੱਟ ਮਾਤਰਾ ਵਿੱਚ ਵਰਤੋਂ ਵਿੱਚ ਆਉਣ ਨਾਲ ਬਹੁਤ ਘੱਟ ਲੋਕ ਵਿਸ਼ਵਾਸਾਂ ਇਸ ਧਾਤ ਨਾਲ ਸੰਬੰਧਿਤ ਪ੍ਰਾਪਤ ਹੁੰਦੇ ਹਨ। ਪਾਰਾ ਇੱਕ ਤਰਲ ਧਾਤ ਹੈ। ਇਹ ਧਾਤ ਚਾਂਦੀ ਰੰਗੀ ਤੇ ਠੰਢੀ ਹੁੰਦੀ ਹੈ ਇਹ ਜਿਆਦਾਤਰ ਆਯੁਰਵੇਦ ਦਵਾਈਆਂ ਨੂੰ ਵਰਤਣ ਵਿੱਚ ਕੰਮ ਆਉਂਦੀ ਹੈ।

ਸਮੁੱਚੇ ਰੂਪ ਵਿੱਚ ਧਾਤਾਂ ਜਿੱਥੇ ਰੋਜਾਨਾ ਜੀਵਨ 'ਚ ਨਿਤ ਵਰਤੋਂ 'ਚ ਆਉਂਦੀਆਂ ਹਨ, ਉੱਥੇ ਅਨੇਕਾਂ ਵਿਸ਼ਵਾਸਾਂ ਦੇ ਸਿਰਜਣਾ ਕਰਦੀਆਂ ਹੋਈਆਂ ਲੋਕ ਮਾਨਸਿਕਤਾ ਦੇ ਪ੍ਰਗਟਾਵੇ ਦਾ ਸਾਧਨ ਵੀ ਬਣ ਰਹੀਆਂ ਹਨ। ਕੁਝ ਧਾਤਾਂ ਗਹਿਣਿਆਂ ਦਾ ਰੂਪ ਧਾਰਨ ਕਰ ਗਈਆਂ ਤੇ ਵੱਡੀ ਮਾਤਰਾ 'ਚ ਸ਼ਿੰਗਾਰ ਦਾ ਸਾਧਨ ਬਣ ਗਈਆਂ। ਕੁਝ ਧਾਤਾਂ ਸੁਰੱਖਿਆ ਦਾ ਤੇ ਰੱਖ ਦਾ ਪ੍ਰਤੀਕ ਬਣ ਕੇ ਸਾਹਮਣੇ ਆਈਆਂ ਤੇ ਅਨੇਕਾਂ ਵਿਸ਼ਵਾਸਾਂ ਦੇ ਸਿਰਜਣਾ ਨਾਲ ਜੁੜ ਗਈਆਂ। ਧਾਤਾਂ ਨਾਲ ਸੰਬੰਧਿਤ ਲੋਕ ਵਿਸ਼ਵਾਸ ਨਿਰੋਲ ਲੋਕ ਮਾਨਸ ਦੀ ਉਪਜ ਹਨ, ਬੇਸ਼ੱਕ ਇਹਨਾਂ ਦੇ ਕੁਝ ਵੈਦਿਕ ਮੱਤ ਵੀ ਪ੍ਰਾਪਤ ਹੁੰਦੇ ਹਨ ਪਰ ਜਿਆਦਾਤਰ ਨਿਰੋਲ ਵਿਸ਼ਵਾਸ ਹੀ ਇਹਨਾਂ ਨਾਲ ਜੁੜੇ ਹੋਏ ਹਨ। ਸਮੇਂ ਦੇ ਬਦਲਾਅ ਤੇ ਤੇਜ਼ ਰਫਤਾਰ ਜਿੰਦਗੀ ਨੇ ਬੇਸ਼ੱਕ ਬਹੁਤ ਸਾਰੇ ਵਹਿਮ ਭਰਮਾਂ ਨੂੰ ਸਾਡੇ ਰੋਜ਼ਾਨਾ ਜਨ ਜੀਵਨ ਦੇ ਵਿੱਚੋਂ ਮਨਫੀ ਕਰ ਦਿੱਤਾ ਹੈ ਪਰ ਅਸੀਂ ਇਹਨਾਂ ਤੋਂ ਅਜੇ ਤੱਕ ਵੀ ਪੂਰੀ ਤਰਾਂ ਸੁਤੰਤਰ ਨਹੀਂ ਹੋਏ। ਅੱਜ ਦੇ ਯੁੱਗ ਵਿੱਚ ਵੀ ਸੋਨਾ ਚਾਂਦੀ ਤੇ ਲੋਹੇ ਦੀ ਧਾਤ ਨਾਲ ਸੰਬੰਧਿਤ ਬਹੁਤ ਸਾਰੇ ਲੋਕ ਵਿਸ਼ਵਾਸ ਜਿਉਂ ਦੇ ਤਿਉਂ ਪ੍ਰਚੱਲਤ ਹਨ।

## ਹਵਾਲੇ ਅਤੇ ਟਿੱਪਣੀਆਂ


1. ਗੁਰਮੀਤ ਸਿੰਘ, ਪੰਜਾਬੀ ਲੋਕਧਾਰਾ ਦੇ ਕੁਝ ਪੱਖ, ਪੰਨਾ: 54.
2. ਉਹੀ, ਪੰਨਾ: 56.
3. ਸੋਹਿੰਦਰ ਸਿੰਘ ਬੈਦੀ, ਪੰਜਾਬੀ ਲੋਕ ਧਾਰਾ ਵਿਸ਼ਵ ਕੋਸ਼, ਜਿਲਦ 4, ਪੰਨਾ: 874
4. ਭਾਈ ਕਾਨ੍ਹ ਸਿੰਘ ਨਾਭਾ, ਮਹਾਨ ਕੋਸ਼, ਪੰਨਾ: 25.
5. ਸੋਹਿੰਦਰ ਸਿੰਘ ਬੇਦੀ, ਪੰਜਾਬੀ ਲੋਕ ਧਾਰਾ ਵਿਸ਼ਵ ਕੋਸ਼, ਜ਼ਿਲਦ ਤਿੰਨ, ਪੰਨਾ: 797
6. ਤੇਜਿੰਦਰ ਹਰਜੀਤ, ਪੰਜਾਬ ਦੇ ਗਹਿਣੇ ਸ਼ਿਲਪ ਰੂਪ ਅਤੇ ਸਭਿਆਚਾਰ, ਪੰਨਾ: 73
7. ਉਹੀ, ਪੰਨਾ: 27.
8. ਉਹੀ, ਪੰਨਾ: 27.
9. ਉਹੀ, ਪੰਨਾ: 65.
10. ਸੋਹਿੰਦਰ ਸਿੰਘ ਵਣਜਾਰਾ ਬੇਦੀ, ਪੰਜਾਬੀ ਲੋਕ ਧਾਰਾ ਵਿਸ਼ਵ ਕੋਸ਼, ਜਿਲਦ ਛੇਵੀਂ , ਪੰਨਾ: 1315.